# ਆਲੋਚਨਾ

ਅਪ੍ਰੈਲ ੧੯੬੦

ਮੂਲ : ੫੦ ਨਵੇਂ ਪੈਸੇ

Approved for use in the Schools and Colleges of the Panjab vide D. P. I's letter No. 3397—B—6/48—55—25796 dated July 1955.

# ਆਲੋਚਨਾ

ਸੰਪਾਦਕ ਮੰਡਲ :

ਭਾਈ ਸਾਹਿਬ ਭਾਈ ਜੋਧ ਸਿੰਘ

ਪ੍ਰੋ. ਸੰਤ ਸਿੰਘ ਸੇਖੋਂ

ਪ੍ਰੋ. ਗੁਲਵੰਤ ਸਿੰਘ

ਜਿਲਦ ੬ ] ਅਪ੍ਰੈਲ ੧੯੬੦ [ ਕੁਲ ਅੰਕ ਨੰ: ੩੫

ਅੰਕ ੪ ]

## ਲੇਖ-ਸੂਚੀ


| ਨੰ: | | | ਪੰਨਾ |
|---|---|---|---|
| ੧. | ਅਧਿਆਤਮਵਾਦ ਅਤੇ ਪਦਾਰਥਵਾਦ | ਭਾਈ ਜੋਧ ਸਿੰਘ | ੧ |
| ੨. | ਪੰਜਾਬੀ ਸਾਹਿਤ ਵਿਚ ਮਹਾਂਕਾਵਿ | ਪ੍ਰੋ: ਕਰਤਾਰ ਸਿੰਘ ਸੂਰੀ | ੬ |
| ੩. | ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਪੰਜਾਬੀ ਸਾਹਿੱਤ | ਗੁਰਬੰਸ ਬਰਾੜ | ੨੨ |
| ੪. | ਪ੍ਰਕ੍ਰਿਤੀ ਚਿਤ੍ਰਨ ਕਾਵਿ ਸ਼ੈਲੀ | ਸ਼ਾਂਤੀ ਦੇਵ | ੪੨ |
| ੫. | ਰੀਵੀਉ (ਪੰਜਾਬੀ ਭਾਸ਼ਾ ਦਾ ਵਿਕਾਸ) | ਬਚਨ ਸਿੰਘ ਐਮ. ਏ. | ੫੧ |

ਭਾਈ ਜੋਧ ਸਿੰਘ—

# ਅਧਿਆਤਮਵਾਦ ਅਤੇ ਪਦਾਰਥਵਾਦ

ਸਾਡੇ ਕਈ ਨਵੀਨ ਲਿਖਾਰੀ ਇਹ ਸਮਝਦੇ ਹਨ ਕਿ ਪਦਾਰਥਵਾਦ ਇਸ ਜੁਗ ਦੀ ਉਪਜ ਹੈ। ਉਹ ਇਹ ਭੁਲ ਜਾਂਦੇ ਹਨ ਕਿ ਪਦਾਰਥਵਾਦ ਦੇ ਪੱਖੀ ਕਈ ਵੇਦਕ ਰਿਸ਼ੀ ਵੀ ਸਨ। "ਦਾਰਸ਼ਨਿਕ ਇਤਿਹਾਸ, ਪੂਰਬੀ ਅਤੇ ਪੱਛਮੀ" ਜੋ ਸਰਕਾਰ ਹਿੰਦ ਦੀ ਸਰਪ੍ਰਸਤੀ ਹੇਠਾਂ ਪ੍ਰਕਾਸ਼ਿਤ ਹੋਇਆ ਹੈ, ਉਸ ਵਿਚ ਪੰਨਾ ੧੩੩ ਪੁਰ ਲਿਖਿਆ ਹੈ ਕਿ ਰਿਗ ਵੇਦਿਕ ਰਿਸ਼ੀ ਬ੍ਰਿਹਸਪਤੀ ਲੌਕਜ ਪਹਿਲਾ ਪਦਾਰਥਵਾਦੀ ਸੀ, ਜਿਸ ਨੇ ਇਹ ਆਖਿਆ ਕਿ ਮਾਦਾ ਹੀ ਅੰਤਮ ਤੱਥ ਹੈ। ਲਗ ਭਗ ਹਰ ਸਮੇਂ ਇਸ ਪੱਖ ਦਾ ਪ੍ਰਚਾਰ ਕਰਣ ਵਾਲੇ ਭਾਰਤ ਵਿਚ ਉਗਮਦੇ ਰਹੇ। ਰਿਸ਼ੀ ਜਾਵਾਲੀ, ਜਿਸ ਦਾ ਜ਼ਿਕਰ ਰਾਮਾਇਣ ਵਿਚ ਹੈ, ਪਦਾਰਥਵਾਦ ਦਾ ਆਚਾਰਜ ਸੀ। ਰਾਜਾ ਵੇਨ, ਜੋ ਹਰਿਵੰਸ਼ ਵਿਚੋਂ ਸੀ ਇਸੇ ਦ੍ਰਿਸ਼ਟੀਕੋਣ ਦਾ ਸਹਾਇਕ ਸੀ। ਪਦਾਰਥਵਾਦੀਆਂ ਨੂੰ 'ਚਾਰ ਵਾਕ' ਦੇ ਨਾਉਂ ਨਾਲ ਸਦਿਆ ਗਇਆ। ਇਹ ਨਾ ਪਰਮਾਤਮਾ ਦੀ ਹਸਤੀ ਮੰਨਦੇ ਸਨ ਨਾ ਆਤਮਾ ਦੀ। ਇਨ੍ਹਾਂ ਦਾ ਖਿਆਲ ਸੀ ਕਿ ਚਾਰ ਤੱਤ ਜਿਨ੍ਹਾਂ ਦੀ ਹੋਂਦ ਸਾਡੀਆਂ ਇੰਦ੍ਰੀਆਂ ਅਨੁਭਵ ਕਰ ਸਕਦੀਆਂ ਹਨ, ਅਰਥਾਤ, ਵਾਯੂ, ਅਗਨੀ, ਜਲ, ਪ੍ਰਿਥਵੀ ਵੀ ਸਾਰੇ ਸੰਸਾਰ ਦੀ ਉਤਪਤੀ ਦਾ ਕਾਰਣ ਹਨ ਅਤੇ ਇਹ ਤੱਤ ਅਨਾਦੀ ਹਨ। ਇਹ ਸੰਸਾਰ ਦਾ ਪ੍ਰਵਾਹ ਸਦਾ ਤੋਂ ਤੁਰਿਆ ਆਇਆ ਹੈ ਤੇ ਸਦਾ ਲਈ ਤੁਰਦਾ ਰਹੇਗਾ। ਮਨੁੱਖ ਦੇ ਸਰੀਰ ਦੇ ਅੰਤ ਹੋਣ ਨਾਲ ਉਸ ਦੀ ਹੋਂਦ ਮੁਕ ਜਾਂਦੀ ਹੈ। ਇਹ ਨਰਕ ਸੁਰਗ ਦੇ ਖਿਆਲ ਬ੍ਰਾਹਮਣਾਂ ਨੇ ਆਪਣੇ ਹਲਵੇ ਮੰਡੇ ਲਈ ਬਣਾਏ ਹੋਏ ਹਨ। ਜਿਤਨਾ ਸਰੀਰਕ ਅਨੰਦ ਇਸ ਜੀਵਨ ਵਿਚ ਮਾਣ ਸਕਦੇ ਹੋ ਮਾਣੋ। ਕੀ ਹੋਇਆ ਜੁ ਸੁਖ ਨਾਲ ਦੁਖ ਰਲਿਆ ਹੋਇਆ ਹੈ। ਕੀ ਅਸੀਂ ਕੰਵਲ ਦਾ ਫੁਲ ਨਾ ਲਈਏ ਕਿਉਂ ਜੁ ਉਸ ਦੇ ਨਾਲ ਕੰਡੇ ਹਨ? ਸਰੀਰ ਨੂੰ ਜਿਤਨਾ ਚਿਰ ਕਾਇਮ ਰਖ ਸਕਦੇ ਹੋ ਰਖੋ ਤੇ "ਖਾਵੋ, ਪੀਵੋ ਅਤੇ ਮੌਜ ਲੁਟੋ।"

ਇਹ ਉਪਰਲੀਆਂ ਸਤਰਾਂ ਮੈਂ ਇਸ ਲਈ ਲਿਖੀਆਂ ਹਨ ਤਾਂ ਜੁ ਸ੍ਰੀ ਤਰਲੋਕ ਸਿੰਘ ਕੰਵਰ ਜੀ ਨੂੰ ਪਤਾ ਲਗ ਜਾਵੇ ਕਿ ਅਧਿਆਤਮਵਾਦ ਦੇ ਨਾਲ ਪਦਾਰਥਵਾਦ ਮੁੱਢ ਤੋਂ ਹੀ ਤੁਰਿਆ ਆਇਆ ਹੈ। ਇਹ ਇਸ ਜੁਗ ਦੀ ਨਵੀਂ

ਉਪਲਭਧੀ ਨਹੀਂ। ਹੁਣ ਜੋ ਦਲੀਲਾਂ ਉਨ੍ਹਾਂ ਅਧਿਆਤਮਵਾਦ ਦੀ ਉਪਜ ਅਤੇ ਕਾਇਮੀ ਲਈ ਦਿੱਤੀਆਂ ਹਨ, ਉਨ੍ਹਾਂ ਤੇ ਨਜ਼ਰ ਮਾਰਨੀ ਜ਼ਰੂਰੀ ਹੈ। ਆਪ ਲਿਖਦੇ ਹਨ :

> "ਅਧਿਆਤਮਵਾਦ ਜੋ ਅਤਿ ਪ੍ਰਾਚੀਨ ਸਮੇਂ ਦੇ ਅਸਭਯ ਨਿਰਬਲ ਤੇ ਪ੍ਰਕ੍ਰਿਤੀ ਦੇ ਸਾਹਵੇਂ ਇਕ ਨਾਚੀਜ਼ ਜ਼ੱਰੇ ਦੇ ਰੂਪ ਵਿਚ ਵਿਚਰਨ ਵਾਲੇ ਮਨੁਖ ਦੀ ਮਜਬੂਰੀ ਤੇ ਬੇਬਸੀ ਦੇ ਫਲ ਸਰੂਪ ਸਾਹਮਣੇ ਆਉਂਦਾ ਹੈ, ਪਹਿਲੋਂ ਪਹਿਲ ਆਪਣੇ ਮਨ ਦੀ ਜਜ਼ਬਾਤੀ ਟੱਕਰ ਅਧੀਨ ਆਪਣੇ ਆਪ ਨੂੰ ਸੰਤੁਸ਼ਟ ਕਰਨ ਲਈ ਮਨੁੱਖ ਪਰਾਸਰੀਰਕ ਸ਼ਕਤੀਆਂ ਕਲਪਦਾ ਹੈ।"

ਕੀ ਉਪਨਿਸ਼ਦਾਂ ਦੇ ਲਿਖਣ ਵਾਲੇ ਰਿਸ਼ੀ ਅਸਭਯ ਸਨ ? ਸਭ੍ਯਤਾ ਕਿਸ ਨੂੰ ਆਖਦੇ ਹਨ। ਸਭਯ ਸਾਮਾਜ ਦੇ ਕੀ ਲੱਛਣ ਹਨ ? ਪਹਿਲਾਂ ਇਨ੍ਹਾਂ ਤੇ ਵਿਚਾਰ ਕਰੋ ਤੇ ਫਿਰ ਠੀਕ ਸਿੱਟੇ ਤੇ ਪੁਜੋਗੇ । ਇਹ ਲੋਕ ਆਪਣੇ ਹੱਥੀਂ ਆਪਣੀ ਉਪਜੀਵਕਾ ਪੈਦਾ ਕਰਦੇ ਸਨ । ਅਹਿੰਸਾ ਆਪਣੇ ਜੀਵਨ ਦਾ ਇਨ੍ਹਾਂ ਪਰਮ ਧਰਮ ਸਮਝਿਆ ਹੋਇਆ ਸੀ । ਵਿਅਕਤੀ ਉਹੀ ਸਭਯ ਹੈ, ਜੋ ਦੂਜਿਆਂ ਨਾਲ ਵਿਵਹਾਰ ਕਰਨ ਵਿਚ ਤਾਕਤ ਨਹੀਂ ਵਰਤਦਾ ਪ੍ਰੇਰਣਾ ਤੋਂ ਕੰਮ ਲੈਂਦਾ ਹੈ। ਸਮਾਜ ਜਾਂ ਜਨ ਸਮੂਹ ਵੀ ਉਹੋ ਸਭਯ ਹੈ ਜੋ ਦੂਜੇ ਜਨ ਸਮੂਹਾਂ ਨਾਲ ਪਸ਼ੂ ਬਲ ਨਹੀਂ ਵਰਤਦਾ, ਆਪਣੇ ਹਮ-ਖਿਆਲ ਬਣਾਉਣ ਲਈ ਪ੍ਰੇਰਨਾ ਤੋਂ ਕੰਮ ਲੈਂਦਾ ਹੈ। ਇਹ ਰਿਸ਼ੀ ਪ੍ਰਕ੍ਰਿਤੀ ਤੋਂ ਡਰਦੇ ਨਹੀਂ ਸਨ । ਉਨ੍ਹਾਂ ਪ੍ਰਕ੍ਰਿਤੀ ਦੀ ਹਸਤੀ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਸਮਝਿਆ ਹੋਇਆ ਸੀ। ਪਰ ਅੰਤਮ ਤੱਥ ਉਨ੍ਹਾਂ ਨੂੰ ਪਤਾ ਲਗਿਆ ਕਿ ਪ੍ਰਕ੍ਰਿਤੀ ਨਹੀਂ 'ਪੁਰਖ' ਹੈ ਅਤੇ ਇਸ ਜੀਵਨ ਵਿਚ ਜਿਹੜਾ ਦੁਖ ਹੈ, ਉਸ ਦੇ ਕੱਟਣ ਦਾ ਸਾਧਨ ਉਨ੍ਹਾਂ ਅਧਿਆਤਮਵਾਦ ਹੀ ਲਭਿਆ। ਅਗੇ ਆਪ ਲਿਖਦੇ ਹਨ :

> "ਇਸ (ਅਧਿਆਤਮਵਾਦ) ਦੇ ਪਿਛੋਕੜ ਵਿਚ ਜੋ ਸਾਮਾਜਿਕ ਭੋਇੰ ਹੁੰਦੀ ਹੈ, ਉਸ ਦਾ ਆਰਥਿਕ ਪ੍ਰਬੰਧ ਜਾਗੀਰਦਾਰੀ ਨਾਲ ਹੁੰਦਾ ਹੈ, ਜਿਸ ਵਿਚ ਰਾਜਾ ਸ਼੍ਰੇਣੀ ਦੇ ਹਿਤ ਟਕਰਾਉਣ ਨਾਲ ਮਨੁਖ ਜੀਵਨ ਦੀਆਂ ਸਮੱਸਿਆਵਾਂ ਆਪਣੇ ਆਪ ਪਦਾਰਥਕ ਖੇਤਰ ਵਲੋਂ ਨਿਰਾਸ ਹੋ ਕੇ ਅਪਦਾਰਥਕ ਖੇਤਰ ਵਿਚ ਵਿਲੀਨ ਹੁੰਦੀਆਂ ਹਨ, ਅਰਥਾਤ ਅਜਿਹੇ ਸਮੇਂ ਅਧਿਆਤਮਕਤਾ ਆਰਥਿਕ ਤੇ ਪਦਾਰਥਕ ਮੰਦਵਾੜੇ ਦੀ ਸਤਾਈ ਜਨਤਾ ਨੂੰ ਥੰਮਦੀ ਹੈ।"

ਜਨਤਾ ਵਿਅਕਤੀਆਂ ਦਾ ਸਮੂਹ ਹੈ। ਬੁੱਧ ਦੇਵ ਜੀ ਨੂੰ ਕਿਹੜੀ ਪਦਾਰਥਕ ਥੁੜ ਸੀ, ਜਿਸ ਕਾਰਨ ਉਹ ਅਧਿਆਤਮਵਾਦ ਵਲ ਸਿਧਾਰੇ। ਯਾਦ ਰਹੇ ਉਹ ਕਿਸੇ 'ਦੇਵਾਨ ਦੇਵ' ਨੂੰ ਨਹੀਂ ਸਨ ਮੰਨਦੇ। ਉਨ੍ਹਾਂ ਕਸ਼ਟ ਦਾ ਜੀਵਨ ਗੁਜ਼ਾਰ ਕੇ

ਛੋਕੜ ਇਹ ਸਿੱਟਾ ਕਢਿਆ ਕਿ ਤ੍ਰਿਸ਼ਨਾ ਹੀ ਸਾਰੇ ਦੁਖਾਂ ਦਾ ਕਾਰਣ ਹੈ ਅਤੇ ਜੀਵਨ ਵਿਚੋਂ ਦੁਖ ਦੂਰ ਕਰਨਾ ਹੈ ਤਾਂ ਮਨ ਵਿਚੋਂ ਇਸ ਨੂੰ ਕੱਢੋ ਅਤੇ ਜੋ ਔਗਣ ਇਸ ਦੇ ਸਾਥੀ ਹਨ, ਉਨ੍ਹਾਂ ਤੋਂ ਵੀ ਮਨ ਨੂੰ ਸਾਫ ਕਰੋ । ਬੜੇ ਬੜੇ ਧਨਾਢ ਉਨ੍ਹਾਂ ਦੇ ਚੇਲੇ ਬਣੇ ਅਤੇ ਦੇਸਾਂ ਪਰਦੇਸਾਂ ਵਿਚ ਜਨ ਸਾਧਾਰਣ ਨੇ ਉਨ੍ਹਾਂ ਦੇ ਮਤ ਨੂੰ ਅਪਣਾਇਆ ।

ਅਸਲ ਗਲ ਇਹ ਹੈ ਕਿ ਸਾਡੇ ਕਈ ਨੌਜਵਾਨ ਕੁਝ ਖਿਆਲ ਬਾਹਰੋਂ ਆਏ ਅਪਣਾ ਕੇ ਬਿਨਾਂ ਆਪਣੇ ਵਿਰਸੇ ਦੀ ਖੋਜ ਕੀਤੇ ਉਨ੍ਹਾਂ ਗਲਾਂ ਨੂੰ ਨਿੰਦ ਰਹੇ ਹਨ, ਜਿਨ੍ਹਾਂ ਦੀਆਂ ਕੀਮਤਾਂ ਸਦੀਵੀ ਹਨ । ਲੇਖਕ ਨੇ ਸਿਖ ਗੁਰੂਆਂ ਦਾ ਥੋੜਾ ਲਿਹਾਜ਼ ਕੀਤਾ ਹੈ ਕਿਉਂਜੁ ਉਹਦੇ ਖਿਆਲ ਮੁਜਬ "ਗੁਰੂ ਸਾਹਿਬਾਨ ਦੇ ਅਧਿਆਤਮਕ ਦ੍ਰਿਸ਼ਟੀ ਕੋਣ ਦੇ ਨਾਲ ਨਾਲ ਸਾਮਾਜਿਕ ਜੀਵਨ ਦੀ ਪ੍ਰਗਤੀ ਚਾਹੁਣ ਵਾਲਾ ਪੱਖ ਵੀ ਸ਼ਾਮਿਲ ਹੈ । ਅਤੇ ਇਸ ਸੰਜੋਗਾਤਮਕ ਸਿਧਾਂਤ ਨੇ ਮੱਧ ਕਾਲ ਵਿਚ ਇਸੇ ਲਈ ਇਕ ਪ੍ਰਗਤੀ-ਵਾਦੀ ਸਿਧਾਂਤ ਹੋਣ ਵਾਲੀ ਅਵਸਥਾ ਪ੍ਰਾਪਤ ਕਰ ਲਈ ਸੀ । ਸਮੂਹ ਸੰਸਾਰ ਦੇ ਅਧਿਆਤਮਕ ਧਰਮਾਂ ਦਾ ਅਧਿਐਨ ਵੀ ਇਸੇ ਸਿੱਟੇ ਤੇ ਪਹੁੰਚਾਂਦਾ ਹੈ ਕਿ ਕੇਵਲ ਇਕੋ ਇਕ ਸਿਖ ਅਧਿਆਤਮਵਾਦ ਹੀ ਅਜਿਹਾ ਹੈ ਜੋ ਅਜੋਕੇ ਸਾਮਾਜਿਕ ਜੀਵਨ ਵਿਚ ਇਕ ਅਰੋਗ ਪਰੰਪਰਾ ਦੇ ਰੂਪ ਵਿਚ ਕੰਮ ਆ ਸਕਦਾ ਹੈ ।"

ਪਰ ਅਗੇ ਜਾ ਕੇ ਲੇਖਕ ਨੇ ਇਹ ਲਿਖ ਦਿੱਤਾ ਹੈ ਕਿ "ਸਾਮਾਜਿਕ ਜੀਵਨ ਵਿਚ ਮੁਲ ਅਧਿਆਤਮਤਾ ਦਾ ਨਹੀਂ, ਸਗੋਂ ਮੁਲ ਅਜਿਹੇ ਵਿਚਾਰਾਂ ਦਾ ਹੈ ਜੋ ਮਨੁਖ ਦੀ ਪਦਾਰਥਕ ਪ੍ਰਗਤੀ ਚਾਹੁੰਦੇ ਹਨ ਤੇ ਮਨੁਖ ਨੂੰ ਜੀਵਨ ਜੀਉਣ ਦੇ ਸਾਧਨਾਂ ਦੀ ਅਗਵਾਈ ਕਰਦੇ ਹਨ " ਲੇਖਕ ਦਾ ਖਿਆਲ ਇਹ ਮਲੂਮ ਹੁੰਦਾ ਹੈ ਕਿ ਅਧਿਆਤਮਕ ਵਿਚਾਰ ਮਨੁਖ ਨੂੰ ਜੀਵਨ ਜੀਉਣ ਵਿਚ ਸਹਾਈ ਨਹੀਂ ਹੁੰਦੇ । ਇਹੋ ਹੀ ਇਕ ਭੁਲ ਹੈ ਜੋ ਸਾਡੇ ਨੌਜਵਾਨਾਂ ਨੂੰ ਠੀਕ ਰਾਹ ਤੋਂ ਕੁਰਾਹੇ ਪਾ ਰਹੀ ਹੈ ।

ਸਮਾਜ ਵਿਅਕਤੀਆਂ ਦੇ ਸਮੂਹ ਦਾ ਨਾਮ ਹੈ । ਸਾਮਾਜ ਕੋਈ ਮਨੁਖੀ ਸਰੀਰ ਵਾਂਗ ਇਕ (Organism) ਨਹੀਂ, ਜਿਸ ਵਿਚ ਨਿਕੇ ਤੋਂ ਨਿਕੇ ਅੰਗ ਦੀ ਪੀੜ ਸਾਰਾ ਸਰੀਰ ਅਨੁਭਵ ਕਰਦਾ ਹੈ । ਇਹ ਇਕ ਜੱਥੇਬੰਦੀ (Organisation) ਹੈ, ਉਹ ਵੀ ਇਕ ਖਾਸ ਕਿਸਮ ਦੀ ਜਿਸ ਵਿਚ ਵਿਰੋਧੀ ਵਿਚਾਰਾਂ ਦੇ ਜਨ-ਸਮੂਹ ਆਪਣੇ ਆਪਣੇ ਖਿਆਲਾਂ ਅਨੁਸਾਰ ਸੁਖੀ ਜੀਵਨ ਬਿਤਾਨ ਦੀ ਢੂੰਡ ਵਿਚ ਲਗੇ ਹੋਏ ਹਨ । ਇਕ ਸਮੂਹ ਇਹ ਸਮਝਦਾ ਹੈ ਕਿ ਅਮੁਕਾ ਸਮੂਹ ਉਸ ਦੇ ਲਾਭਾਂ ਦਾ ਵਿਰੋਧੀ ਹੈ । ਦੋਹਾਂ ਵਿਚ ਵਾਦ ਅਰੰਭ ਹੋ ਜਾਂਦਾ ਹੈ ਤੇ ਖਿਚੋਤਾਣ ਸ਼ੁਰੂ ਹੋ ਜਾਂਦੀ ਹੈ । ਸੰਸਾਰ ਭਰ ਦੇ ਮਨੁੱਖੀ ਸਮਾਜ ਵਿਚ ਤਾਂ ਇਹ ਖਿਚੋਤਾਣ ਅਜ ਕਲ ਚੋਖੀ ਉਭਰੀ ਹੋਈ ਹੈ ਅਤੇ ਸਾਹਮਣੇ ਦਿਸ ਰਹੀ ਹੈ । ਪਰ

ਵੱਖੋ ਵੱਖ ਦੇਸਾਂ ਦੇ ਸਮਾਜਾਂ ਵਿਚ ਵੀ ਖਿੱਚਾਂ ਤੇ ਕੱਸਾਂ ਦ੍ਰਿਸ਼ਟੀ-ਗੋਚਰ ਹੋਣੋਂ ਨਹੀਂ ਰਹਿੰਦੀਆਂ। ਇਸ ਲਈ ਸਮਾਜ ਨੂੰ ਇਕ (Organism) ਸਮਝਣਾ ਜਾਂ ਅਜਿਹੇ ਨਿਗਰ ਜਥੇਬੰਦੀ ਜਿਸ ਵਿਚ ਸਾਰੇ ਵਿਅਕਤੀਆਂ ਦਾ ਇਕੋ ਸਾਂਝਾ ਪ੍ਰਯੋਜਨ ਹੈ ਇਕ ਭੁਲੇਖਾ ਹੈ, ਸਚਾਈ ਨਹੀਂ। ਜੇ ਸਮਾਜ ਦੇ ਜਨ-ਸਮੂਹ ਸਰੀਰ ਦੇ ਅੰਗਾਂ ਵਰਗੀ ਕਿਸੇ (Organism) ਵਿਚ ਸੰਗਠਿਤ ਹੁੰਦੇ ਤਾਂ ਜੋ ਸਮਾਜ ਵਿਚ ਇਕ ਪੇਟ ਵੀ ਭੁੱਖ ਨਾਲ ਕੁਲਕਦਾ ਤਾਂ ਸਾਰੇ ਸਮਾਜ ਨੂੰ ਉਸ ਦੀ ਪੀੜ ਅਨੁਭਵ ਹੁੰਦੀ। ਪਰ ਅਸੀਂ ਸਾਰੇ ਪ੍ਰਗਤੀ-ਵਾਦੀ ਅਖਵਾਉਂਦੇ ਹੋਏ ਵੀ ਢਿੱਡ ਭਰ ਕੇ ਸੌਂ ਜਾਂਦੇ ਹਾਂ ਹਾਲਾਂ ਕਿ ਸਾਨੂੰ ਪਕਾ ਪਤਾ ਹੈ ਕਿ ਸਾਡੇ ਸਮਾਜ ਦੇ ਕਈ ਵਿਅਕਤੀਆਂ ਨੂੰ ਰੋਟੀ ਨਸੀਬ ਨਹੀਂ ਹੋਈ। ਅਸਲ ਇਕਾਈ ਵਿਅਕਤੀ ਹੈ, ਜਿਸ ਦੇ ਸੁਖ ਦੁਖ ਤੇ ਅਸਾਂ ਵਿਚਾਰ ਕਰਨੀ ਹੈ। ਜੇ ਸਮਾਜ ਦਾ ਹਰ ਇਕ ਵਿਅਕਤੀ ਸੁਖੀ ਹੋ ਜਾਏ ਤਾਂ ਸਮਾਜ ਸੁਖੀ।

ਅਧਿਆਤਮਵਾਦ ਦੀ ਪੜਚੋਲ ਕਰਦੇ ਹੋਏ ਉਸ ਨੂੰ ਭੰਡਣ ਲਈ ਸਾਡੇ ਨੌਜਵਾਨ ਅਖੌਤੀ ਅਧਿਆਤਮ-ਵਾਦੀਆਂ ਦੇ ਉਹ ਕਰਤੱਵ ਲੈ ਲੈਂਦੇ ਹਨ, ਜਿਹੜੇ ਇਸ ਵਾਦ ਨੇ ਕਦੇ ਪ੍ਰਵਾਨ ਨਹੀਂ ਕੀਤੇ। ਜੇ ਸਾਇੰਸ ਦੀਆਂ ਕਾਢਾਂ ਐਟਮ ਬੰਬ ਬਣਾ ਰਹੀਆਂ ਹਨ ਤਾਂ ਇਸ ਵਿਚ ਸਾਇੰਸ ਦਾ ਕੀ ਦੋਸ਼ ਹੈ। ਦੋਸ਼ ਤਾਂ ਉਸ ਮਨੁੱਖ ਦਾ ਹੈ ਜੋ ਦੂਜੇ ਮਨੁੱਖਾਂ ਨੂੰ ਜੋਰ ਜਬਰ ਨਾਲ ਆਪਣੀ ਗਲ ਇਸ ਬੰਬ ਦੀ ਰਾਹੀਂ ਮੰਨਵਾਣਾ ਚਾਹੁੰਦਾ ਹੈ। ਇਕੁਰ ਹੀ ਜੇ ਅਧਿਆਤਮਕਤਾ ਜਾਂ ਧਰਮ ਦੀ ਕੋਈ ਕੋਝੀ ਜਾਂ ਅਯੋਗ ਵਰਤੋਂ ਕਰੇ ਤਾਂ ਦੋਸ਼ ਧਰਮ ਦਾ ਨਹੀਂ, ਗ਼ਲਤ ਵਰਤੋਂ ਕਰਨ ਵਾਲੇ ਦਾ ਹੈ।

ਸੁਖ ਦੇ ਦੋ ਅੰਸ਼ ਹਨ ਇਕ ਪਦਾਰਥਕ ਚੁਗਿਰਦਾ ਦੂਜੇ ਉਸ ਚੁਗਿਰਦੇ ਵਲ ਸਾਡਾ ਮਾਨਸਿਕ ਰਵੀਆ। ਪਦਾਰਥਵਾਦੀ ਨਿਰਾ ਪਦਾਰਥਕ ਚੁਗਿਰਦੇ ਤੇ ਜ਼ੋਰ ਦੇਂਦਾ ਹੈ। ਪ੍ਰਾਕ੍ਰਿਤਿਕ ਸ਼ਕਤੀਆਂ ਨੂੰ ਵਸ ਵਿਚ ਕਰ ਲੈਣਾ ਮੈਂ ਮੰਨਦਾ ਹਾਂ ਇਕ ਵੱਡੀ ਜਿੱਤ ਹੈ। ਪਰ ਨਿਰਾ ਇਹ ਜਿੱਤ ਵਿਅਕਤੀ ਨੂੰ ਸੁਖ ਨਹੀਂ ਦੇ ਸਕਦੀ, ਜਦ ਤੋੜੀ ਉਹ ਆਪਣੇ ਮਨ ਨੂੰ ਨਹੀਂ ਜਿੱਤ ਲੈਂਦਾ। ਮਨੁੱਖ ਪਾਸ ਧਨ ਪਦਾਰਥ ਵਧਦਾ ਜਾਂਦਾ ਹੈ, ਪਰ ਜਦ ਤੋੜੀ ਤ੍ਰਿਸ਼ਨਾ ਨੂੰ ਮਨੋਂ ਨਹੀਂ ਦੂਰ ਕਰਦਾ, ਉਹ ਉਸ ਧਨ ਦੀ ਉਹ ਵਰਤੋਂ ਨਹੀਂ ਕਰ ਸਕਦਾ, ਜਿਸ ਨਾਲ ਉਹ ਆਪ, ਉਸ ਦਾ ਪਰਵਾਰ ਜਾਂ ਆਲਾ ਦੁਆਲਾ ਸੁਖੀ ਹੋਵੇ। ਅਸਲੀ ਅਧਿਆਤਮ-ਵਾਦ ਮਨ ਦੇ ਔਗੁਣ ਦੂਰ ਕਰਨ ਤੇ ਜ਼ੋਰ ਦੇਂਦਾ ਹੈ, ਜਿਤਨੀ ਰਹਿਤ ਹੈ ਕੇਵਲ ਇਕ ਇਸ ਜਿੱਤ ਲਈ ਹੈ —

"ਮਨਿ ਜੀਤੈ ਜਗੁ ਜੀਤ।"

ਪਦਾਰਥਵਾਦ ਦੇ ਆਪਣੇ ਦਸੇ ਅਸੂਲਾਂ ਅਨੁਸਾਰ ਸਮਾਜ ਵਿਚ

ਖਿਚੋਤਾਣ ਅਵੱਸ਼ ਹੈ। ਪਦਾਰਥਵਾਦ ਵੀ ਭਵਿੱਖ ਤੇ ਆਸਾਂ ਲਾਈ ਬੈਠਾ ਹੈ। ਹਾਲਾਂ ਸਮਾਜ ਵਿਚ ਇਕ-ਸੁਰਤਾ ਉਹ ਕਾਇਮ ਨਹੀਂ ਕਰ ਸਕਿਆ। ਪਰੰਤੂ ਜਿਸ ਵਿਅਕਤੀ ਨੇ ਦੋਹਾਂ ਵਾਦਾਂ ਦਾ ਯੋਗ ਸੰਤੁਲਨ ਆਪਣੇ ਜੀਵਨ ਵਿਚ ਕਰ ਲਇਆ, ਉਸ ਨੂੰ ਭਵਿੱਖ ਤੇ ਆਸ ਰਖਣ ਦੀ ਲੋੜ ਨਹੀਂ। ਉਹ ਆਪ ਸੁਖੀ ਹੋ ਗਇਆ ਹੈ ਤੇ ਆਪਣੀ ਛੋਹ ਨਾਲ ਦੂਜਿਆਂ ਨੂੰ ਵੀ ਸੁਖੀ ਕਰ ਦੇਂਦਾ। ਜਿਕੁਰ ਮਧੂ-ਮੱਖੀ ਹਰ ਇਕ ਕੌੜੇ ਕਸੈਲੇ ਫੁਲ ਵਿਚੋਂ ਮਾਖਿਓਂ ਪ੍ਰਾਪਤ ਕਰ ਲੈਂਦੀ ਹੈ, ਇਕੁਰ ਇਹ ਵਿਅਕਤੀ ਹਰ ਬਦਲਵੀਂ ਹਾਲਤ ਵਿਚੋਂ ਦੁਖ ਦੂਰ ਕਰ ਕੇ ਸੁਖ ਦੇ ਸਾਧਨ ਲੱਭ ਲੇਂਦਾ ਹੈ। ਸੰਸਾਰ ਦੀ ਕੋਈ ਚੀਜ਼ ਸਥਿਰ ਨਹੀਂ। ਇਸ ਲਈ ਮਨ ਨੂੰ ਉਸ ਪੱਧਰ ਤੇ ਲੈ ਜਾਣਾ ਜਿੱਥੇ ਹਰ ਬਦਲਵੀਂ ਦਸ਼ਾ ਨਾਲ (Adjustment) ਹੋ ਸਕੇ ਹੀ ਵਿਅਕਤੀ ਨੂੰ ਸੁਖ ਦੇ ਸਕਦਾ ਹੈ। ਇਸੇ ਨੂੰ ਧਾਰਮਿਕ ਸ਼ਬਦਾਵਲੀ ਵਿਚ ਭਾਣਾ ਮੰਨਣਾ ਆਖਿਆ ਗਇਆ ਹੈ।

ਫਿਰ ਮੈਨੂੰ ਇਹ ਸਮਝ ਨਹੀਂ ਆਈ ਕਿ ਸਮਾਜਵਾਦੀ ਹੋਣ ਲਈ ਪਦਾਰਥਵਾਦੀ ਹੋਣਾ ਕਿਉਂ ਲਾਜ਼ਮੀ ਸਮਝਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਜਿਹੜੇ ਲੂੰ ਲੂੰ ਅਧਿਆਤਮਵਾਦੀ ਸਨ ਇਕ ਸਮਾਜ ਦਾ ਚਿਤ੍ਰ ਦਿੱਤਾ ਹੈ, ਜਿਸ ਤੋਂ ਚੰਗੇਰਾ ਚਿਤ੍ਰ ਅਜੇ ਤੀਕ ਮੈਂ ਪਦਾਰਥਵਾਦੀਆਂ ਦਾ ਨਹੀਂ ਵੇਖਿਆ।

ਹੁਣਿ ਹੁਕਮੁ ਹੋਆ ਮਿਹਰਵਾਣ ਦਾ, ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹ ਹੋਆ ਹਲੇਮੀ ਰਾਜ ਜੀਉ ॥

ਹੁਣ ਅਜਿਹਾ ਹੁਕਮੁ ਧੁਰੋਂ ਆਇਆ ਹੈ ਕਿ ਕੋਈ ਕਿਸੇ ਦੇ ਮਗਰ ਪੈ, ਉਸ ਨੂੰ ਦੁਖ ਨਹੀਂ ਦੇਂਦਾ। ਸਾਰੇ ਸੁਖਲੇ ਵਸ ਰਹੇ ਹਨ। ਜਬਰ ਦੀ ਥਾਂ ਹੁਣ ਹਲੀਮੀ ਦਾ ਰਾਜ ਹੈ। ਕਿਸੇ ਫ਼ਾਰਸੀ ਦੇ ਕਵੀ ਨੇ ਆਖਿਆ ਹੈ :—

ਬਹਿਸ਼ਤ ਆਂਜਾ ਕਿ ਆਜ਼ਾਰੇ ਨ ਬਾਸ਼ਦ।
ਕਸੇ ਰਾ ਬਾ ਕਸੇ ਕਾਰੇ ਨ ਬਾਸ਼ਦ।

ਜਿਸ ਵਾਦ ਅਨੁਸਾਰ ਜ਼ੋਰ ਜਬਰ ਜਾਇਜ਼ ਮੰਨਿਆ ਜਾਂਦਾ ਹੈ, ਉਹ ਵਿਸ਼ਵ ਸ਼ਾਂਤੀ ਨਹੀਂ ਪੈਦਾ ਕਰ ਸਕਦਾ। ਚੰਗਾ ਸਮਾਜ ਤਦੋਂ ਹੀ ਹੋਂਦ ਵਿਚ ਆਵੇਗਾ, ਜਦੋਂ ਸਮਾਜ ਦੇ ਸਾਰੇ ਵਿਅਕਤੀ ਹਰ ਇਕ ਨੂੰ ਖੁਲ੍ਹ ਦੇਣਗੇ ਕਿ ਉਹ ਜੇਹੋ ਜੇਹੇ ਮਰਜ਼ੀ ਵਿਚਾਰ ਰੱਖੇ, ਪਰ ਦੂਜਿਆਂ ਨੂੰ ਮਨਾਉਣ ਲਈ ਜ਼ੋਰ ਨਾ ਵਰਤੇ। ਜਦੋਂ ਜ਼ੋਰ ਜਬਰ ਦੀ ਥਾਂ ਪਰਸਪਰ ਸਹਾਇਤਾ ਦੀ ਲੀਹ ਚਲ ਪਵੇਗੀ, ਸੰਸਾਰ ਇਕ ਸ੍ਵਰਗ ਬਣ ਜਾਏਗਾ। ਹਰ ਇਕ ਸੱਚੇ ਅਧਿਆਤਮਵਾਦੀ ਨੇ ਇਹੋ ਹੀ ਚਿਤ੍ਰ ਖਿਚ ਕੇ ਸੰਸਾਰ ਦੇ ਸਾਹਮਣੇ ਰਖਿਆ ਹੈ। ਜੇ ਧਰਮ ਵਿਚ ਜਬਰ ਵਿਰਤ ਨਹੀਂ ਤਾਂ ਕਿਸੇ ਆਰਥਿਕ ਪ੍ਰਬੰਧ ਦੇ ਪਸਾਰਨ ਲਈ ਜਬਰ ਕਿਸ ਤਰ੍ਹਾਂ ਵਿਰਤ ਹੋ ਸਕਦਾ ਹੈ।

— — — —

ਪ੍ਰੋ: ਕਰਤਾਰ ਸਿੰਘ ਸੂਰੀ—

# ਪੰਜਾਬੀ ਸਾਹਿਤ ਵਿਚ ਮਹਾਂਕਾਵਿ

ਭਾਰਤੀ ਸਮਾਲੋਚਨਾ-ਪ੍ਰਣਾਲੀ ਇਕ ਸਮੁਚੇ ਸਾਹਿਤ (ਕਾਵਿ) ਨੂੰ ਦੋ ਮੁਖ ਭਾਗਾਂ ਵਿਚ ਵੰਡਿਆ ਗਇਆ ਹੈ—ਇਕ ਦ੍ਰਿਸ਼-ਕਾਵਿ ਤੇ ਦੂਸਰਾ ਸ਼ਰੱਵ-ਕਾਵਿ—ਨਾਟਕ ਤੇ ਇਸ ਦੀਆਂ ਸਾਰੀਆਂ ਵਨਗੀਆਂ ਦ੍ਰਿਸ਼-ਕਾਵਿ ਥਲੇ ਆਉਂਦੀਆਂ ਹਨ, ਅਤੇ ਸੁਣਨ ਜਾਂ ਪੜ੍ਹਨ ਵਾਲਾ ਸਾਰਾ ਸਾਹਿਤ ਸ਼ਰੱਵ-ਕਾਵਿ ਅਖਵਾਂਦਾ ਹੈ, ਜਿਹੜਾ ਵਾਰਤਕ ਤੇ ਕਵਿਤਾ ਵਿਚ ਹੁੰਦਾ ਹੈ।

ਸ਼ਰੱਵ-ਕਾਵਿ ਦੇ ਦੋ ਮੁਖ ਰੂਪ ਹਨ: (੧) ਪ੍ਰਬੰਧ-ਕਾਵਿ ਤੇ (੨) ਮੁਕਤਕ-ਕਾਵਿ। ਪ੍ਰਬੰਧ-ਕਾਵਿ ਦੇ ਅਗੋਂ ਦੋ ਭੇਦ ਕੀਤੇ ਗਏ ਹਨ: (੧) ਮਹਾਂਕਾਵਿ ਤੇ (੨) ਖੰਡ ਕਾਵਿ।

ਮਹਾਂ-ਕਾਵਿ ਦਾ ਖੇਤਰ ਬੜਾ ਵਿਸ਼ਾਲ ਹੈ। ਉਸ ਵਿਚ ਕਿਸੇ ਇਕ ਮਨੁਖ ਦਾ ਨਹੀਂ, ਸਗੋਂ ਮਾਨਮਤਾ ਦਾ ਚਿਤਰਣ ਹੁੰਦਾ ਹੈ—ਸਮੁਚੇ ਮਾਨਵ-ਜੀਵਨ ਦੀ ਵਿਆਖਿਆ ਹੁੰਦੀ ਹੈ। ਮਹਾਂ-ਕਾਵਿਕਾਰ ਲੋਕ-ਭਾਵਨਾਵਾਂ ਤੇ ਆਦਰਸ਼ਾਂ ਨੂੰ ਆਪਣੇ ਕਲੇਵਰ ਵਿਚ ਲਪੇਟ ਕੇ, ਕਲਪਨਾਂ ਦੀ ਪੁਠ ਚਾੜ੍ਹ ਕੇ ਅਜਿਹੇ ਕਲਾਮਈ ਢੰਗ ਨਾਲ ਪ੍ਰਗਟ ਕਰਦਾ ਹੈ ਕਿ ਸਦੀਆਂ ਤਕ ਉਹ ਰਚਨਾ ਲੋਕ-ਹਿਰਦੇ ਨੂੰ ਤਰੰਗਿਤ ਕਰਦੀ ਰਹਿੰਦੀ ਹੈ।

ਸੰਸਕ੍ਰਿਤ-ਸਾਹਿਤ ਦੇ ਮਹਾਨ ਆਚਾਰੀਆ ਵਿਸ਼ਵ ਨਾਥ ਆਪਣੇ ਗ੍ਰੰਥ 'ਸਾਹਿਤ-ਦਰਪਨ' ਵਿਚ ਮਹਾਂ ਕਾਵਿ ਦੇ ਲੱਛਣ ਇਸ ਪਰਕਾਰ ਦਸਦੇ ਹਨ:

੧. ਮਹਾਂ ਕਾਵਿ ਸਰਗਾਂ (ਕਾਂਢਾਂ) ਵਿਚ ਬੱਝਾ ਹੋਣਾ ਚਾਹੀਦਾ ਹੈ ਤੇ ਘਟ ਤੋਂ ਘਟ ਅੱਠ ਸਰਗ ਹੋਣੇ ਚਾਹੀਦੇ ਹਨ।

੨. ਇਕ ਸਰਗ ਵਿਚ ਇਕ ਹੀ ਛੰਦ ਹੈ, ਜੋ ਅੰਤਲੇ ਪੱਦ ਵਿਚ ਬਦਲ ਜਾਂਦਾ ਹੈ। ਸਰਗ ਦੇ ਅੰਤ ਵਿਚ ਅਗਲੇ ਸਰਗ ਦੀ ਸੂਚਨਾ ਹੋਣੀ ਚਾਹੀਦੀ ਹੈ।

੩. ਇਸ ਵਿਚ ਇਕ ਨਾਇਕ ਹੁੰਦਾ ਹੈ, ਜੋ ਦੇਵਤਾ ਜਾਂ ਉੱਤਮ ਕੁਲ

ਦਾ ਧੀਰੋਦਾਤ ਗੁਣਾਂ ਨਾਲ ਸੰਪਨ ਅਕਸ਼ਤਰੀ ਹੁੰਦਾ ਹੈ। ਇਕ ਵੰਸ਼ ਦੇ ਕਈ ਰਾਜੇ ਵੀ ਨਾਇਕ ਹੋ ਸਕਦੇ ਹਨ।

੪. ਇਸ ਦੀ ਕਥਾ ਇਤਿਸਾਸਕ ਜਾਂ ਲੋਕ-ਪ੍ਰਸਿੱਧ ਮਹਾਂਪੁਰਖ ਦੀ ਹੁੰਦੀ ਹੈ।

੫. ਸ਼ਿੰਗਾਰ, ਬੀਰ ਅਤੇ ਸ਼ਾਂਤ ਰਸਾਂ ਵਿਚੋਂ ਕੋਈ ਇਕ ਰਸ ਪ੍ਰਧਾਨ ਹੋਣਾ ਚਾਹੀਦਾ ਹੈ, ਬਾਕੀ ਰਸ ਗੌਣ ਰੂਪ ਵਿਚ ਹੋਣ।

੬. ਮਹਾਂ-ਕਾਵਿ ਦਾ ਨਾਮ ਨਾਇਕ, ਨਾਇਕਾ ਜਾਂ ਕਵੀ ਦੇ ਨਾਂ ਉੱਤੇ ਰਖਿਆ ਜਾਂਦਾ ਹੈ।

੭. ਧਰਮ, ਅਰਥ, ਕਾਮ ਅਤੇ ਮੋਖ (ਮੋਖਸ਼) ਵਿਚੋਂ ਕਿਸੇ ਇਕ ਦਾ ਫਲ ਦਿਖਾਇਆ ਜਾਣਾ ਚਾਹੀਦਾ ਹੈ।

੮. ਨਾਇਕ ਤੇ ਨਾਇਕਾ ਹਰ ਵਕਤ ਪਾਠਕਾਂ ਦੀਆਂ ਅੱਖਾਂ ਸਾਹਮਣੇ ਰਹਿਣੇ ਚਾਹੀਦੇ ਹਨ।

੯. ਅਰੰਭ ਵਿਚ ਮੰਗਲਾਚਰਣ ਹੋਣਾ ਚਾਹੀਦਾ ਹੈ।

੧੦. ਕਿਤੇ ਕਿਤੇ ਦੁਸ਼ਟਾਂ ਦੀ ਨਿੰਦਿਆ ਤੇ ਸੱਜਣਾਂ ਦੀ ਪ੍ਰਸੰਸਾ ਹੋਵੇ।

੧੧. ਪ੍ਰਕ੍ਰਿਤੀ-ਚਿਤਰਣ ਉੱਤੇ ਬਹੁਤ ਜ਼ੋਰ ਦਿੱਤਾ ਜਾਵੇ—ਵਿਸ਼ੇਸ਼ ਕਰ ਰੁਤਾਂ, ਬਨ, ਸਾਗਰ, ਪ੍ਰਭਾਤ, ਦੁਪਹਿਰ, ਪਹਾੜ ਆਦਿ ਦਾ ਵਰਣਨ ਹੋਵੇ, ਇਸ ਤੋਂ ਛੁਟ ਜੁੱਧ, ਯਾਤਰਾ, ਸੰਜੋਗ, ਵਿਜੋਗ ਨੂੰ ਵੀ ਬਿਆਨਿਆ ਜਾਵੇ।

ਪੱਛਮੀ ਕਾਵਿ-ਸ਼ਾਸਤਰ ਵਿਚ ਕੁਝ ਮੱਤ-ਭੇਦ ਹਨ। ਡੇਵਨਾਟ ਆਪਣੀ ਪੁਸਤਕ (Epic and Heroic Poetry) ਵਿਚ ਇਸ ਗੱਲ ਤੇ ਜ਼ੋਰ ਦੇਂਦਾ ਹੈ ਕਿ ਮਹਾਂਕਾਵਿ ਦਾ ਵਿਸ਼ਯ ਪ੍ਰਾਚੀਨ ਘਟਨਾਵਾਂ 'ਚੋਂ ਹੀ ਲਇਆ ਜਾਣਾ ਚਾਹੀਦਾ ਹੈ, ਪਰ ਆਲੋਚਕ ਲੂਕਨ ਪ੍ਰਾਚੀਨ ਦੀ ਥਾਂ ਨਵੀਨ ਘਟਨਾਵਾਂ ਨੂੰ ਚੁਣਨ ਦੇ ਹੱਕ ਵਿਚ ਹੈ। ਪਰ ਇਹ ਵਿਵਾਦ ਮਹਾਂਕਾਵਿ ਦੇ ਬਾਕੀ ਲੱਛਣਾਂ ਵਿਚ ਕੋਈ ਵਿਘਨ ਨਹੀਂ ਪਾਂਦਾ, ਜੋ ਇਸ ਪ੍ਰਕਾਰ ਹਨ:—

੧. ਮਹਾਂਕਾਵਿ ਵਿਚ ਕੋਈ ਸੱਚੀ, ਇਤਿਹਾਸਕ ਜਾਂ ਲੋਕ-ਪ੍ਰਸਿੱਧ, ਵੱਡੇ ਆਕਾਰ ਦੀ ਘਟਨਾ ਵਰਣਨ ਕੀਤੀ ਜਾਣੀ ਚਾਹੀਦੀ ਹੈ। ਨਿਰਮੂਲ ਮਨ-ਘੜਤ ਕਲਪਨਾ ਦਾ ਮਹਾਂਕਾਵਿ ਵਿਚ ਕੋਈ ਥਾਂ ਨਹੀਂ।

੨. ਵਿਅਕਤੀ ਦੀ ਥਾਂ, ਇਸ ਵਿਚ ਜਾਤੀ-ਭਾਵ ਵਧੇਰੇ ਹੋਣ। ਇਸ ਵਿਚ ਕੋਈ ਵੱਡਾ ਜਾਤੀ ਘੋਲ ਵੀ ਦਿਖਾਇਆ ਜਾਵੇ।

੩. ਇਹਦੇ ਪਾਤਰ ਸ਼ੌਰਯ-ਗੁਣ ਪ੍ਰਧਾਨ ਹੋਣ ਅਤੇ ਨਾਇਕ ਕੋਈ ਮਹਾਂ-ਪੁਰਖ ਹੋਵੇ, ਜਿਸ ਦੀ ਥਾਂ ਲੋਕਾਂ ਦੇ ਦਿਲਾਂ ਵਿਚ ਬਣ ਚੁੱਕੀ ਹੋਵੇ।

੪. ਵਰਣਨ-ਸ਼ੈਲੀ ਤੇ ਭਾਖਾ ਦੀ ਅਪੂਰਵ ਸੁੰਦਰਤਾ ਹੋਵੇ।

੫. ਉਸ ਵਿਚ ਇਕੋ ਛੰਦ ਦਾ ਪ੍ਰਯੋਗ ਹੋਵੇ।

੬. ਕਵੀ, ਕਥਾ ਨੂੰ ਇਸ ਸੁਚੱਜਤਾ ਨਾਲ ਬਿਆਨ ਕਰੇ ਕਿ ਉਸ ਵਿਚ ਕੋਈ ਵੀ ਵਿਥ ਜਾਂ ਪਾੜ ਦ੍ਰਿਸ਼ਟੀ-ਗੋਚਰ ਨਾ ਹੋਵੇ, ਸਗੋਂ ਸਾਰੀ ਕਹਾਣੀ ਇਕ ਸੂਤਰ ਵਿਚ ਪਰੋਈ ਹੋਈ ਜਾਪੇ।

ਭਾਰਤੀ ਤੇ ਪੱਛਮੀ, ਦੁਹਾਂ ਕਾਵਿ-ਸ਼ਾਸਤ੍ਰਾਂ ਦੇ ਦੱਸੇ ਮਹਾਂਕਾਵਿ ਦੇ ਲੱਛਣਾਂ ਵਿਚ ਵਿਸ਼ੇਸ਼ ਅੰਤਰ ਨਹੀਂ। ਜਿੱਥੇ ਪੱਛਮੀ ਵਿਦਵਾਨ ਜਾਤੀ-ਭਾਵਨਾ ਤੇ ਜ਼ੋਰ ਦੇਂਦੇ ਹਨ, ਉੱਥੇ ਭਾਰਤੀ, ਯੁੱਧ, ਯਾਤਰਾ ਤੇ ਰੁੱਤਾਂ ਦੇ ਵਰਣਨ ਉੱਤੇ। ਜਿਸ ਦਾ ਭਾਵ ਲਗ ਪਗ ਉਹੀ ਹੋ ਜਾਂਦਾ।

ਵਰਤਮਾਨ ਸਮੇਂ ਵਿਚ ਮਹਾਂਕਾਵਿ ਦੇ ਪੁਰਾਣੇ ਲੱਛਣਾਂ ਨੂੰ ਹੂ-ਬਹੂ ਉਸੇ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਨਾਇਕ ਦਾ ਉੱਚੀ ਜਾਤ ਦਾ ਹੋਣਾ, ਦੇਵੀ ਦੇਵਤਿਆਂ ਨਾਲ ਸੰਬੰਧ ਹੋਣਾ ਜਾਂ ਮੰਗਲਾਚਰਣ ਦਾ ਹੋਣਾ ਅੱਜ ਦੇ ਜੁਗ ਦੇ ਅਨੁਕੂਲ ਨਹੀਂ। ਸਭਿਯਤਾ ਦੇ ਵਿਕਾਸ ਨਾਲ ਸਾਹਿਤਕ ਆਦਰਸ਼ਾਂ ਦਾ ਵਿਕਾਸ਼ ਵੀ ਹੋਣਾ ਅਵੱਸ਼ਕ ਹੈ। ਇਹੋ ਕਾਰਣ ਹੈ ਕਿ ਅਜੋਕੇ ਸਮੇਂ ਦੇ ਮਹਾਂਕਾਵਾਂ ਨੂੰ ਪਰਖਣ ਦੀਆਂ ਕਸੌਟੀਆਂ ਵੀ ਕਿਸੇ ਹੱਦ ਤਕ ਬਦਲ ਗਈਆਂ ਹਨ। ਅਜ ਕਲ ਪਾਤਰਾਂ ਦੇ ਚਰਿਤ੍ਰ-ਚਿਤ੍ਰਣ ਉੱਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਸੰਸਕ੍ਰਿਤ ਦੇ ਮਹਾਕਾਵਾਂ ਵਿਚ, ਧਾਰਮਿਕ-ਭਾਵਨਾ ਦੀ ਪ੍ਰਧਾਨਤਾ ਹੋਣ ਕਰਕੇ ਕੇਵਲ ਨਾਇਕ ਦੇ ਚਰਿਤ੍ਰ ਦੇ ਦੈਵੀ ਤੇ ਤੇਜਸ੍ਵੀ ਗੁਣਾਂ ਨੂੰ ਹੀ ਉਜਾਗਰ ਕੀਤਾ ਜਾਂਦਾ ਸੀ। ਬਾਕੀ ਦੇ ਪਾਤਰਾਂ ਦੀ ਸੁਭਾ-ਉਸਾਰੀ ਵਲ ਉੱਕਾ ਹੀ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ। ਪਰ ਅਜ ਦੇ ਮਹਾਂਕਾਵਿ ਵਿਚ ਨਾਇਕ ਤੋਂ ਛੁਟ ਦੂਸਰੇ ਪਾਤਰਾਂ ਦੇ ਵਿਅਕਤਿਤ੍ਵ ਨੂੰ ਉਜਾਗਰ ਕਰਨ ਦੀ ਲੋੜ ਵੀ ਸਮਝੀ ਜਾਂਦੀ ਹੈ।

ਇਸ ਤੋਂ ਛੁਟ ਭਾਵਾਂ ਦੀ ਪ੍ਰਬਲਤਾ, ਵਿਚਾਰਾਂ ਦੀ ਗੰਭੀਰਤਾ ਤੇ ਪ੍ਰਪੱਕਤਾ, ਵਰਣਨ ਦੀ ਨਿਪੁੰਨਤਾ, ਘਟਨਾਵਾਂ ਦੀ ਇਕ ਸੂਰਤਾ ਤੇ ਮਹਾਨ ਆਦਰਸ਼ਾਂ ਦੀ ਪ੍ਰੇਰਣਾ ਦੇਣਾ ਮਹਾਂਕਾਵਿ ਦੇ ਅਨਿਵਾਰਯ ਗੁਣ ਹਨ। ਇਸੇ ਤਰ੍ਹਾਂ ਰਸਾਂ, ਅਲੰਕਾਰਾਂ ਤੇ ਛੰਦਾਂ ਉੱਤੇ ਵੀ ਮਹਾਂਕਾਵਿ-ਕਾਰ ਨੂੰ ਪੂਰਣ ਅਧਿਕਾਰ ਹੋਣਾ ਚਾਹੀਦਾ ਹੈ।

ਭਾਰਤੀ ਮਹਾਂਕਾਵਿ ਦੀ ਪਰੰਪਰਾ ਬਾਲਮੀਕੀ ਰਾਮਾਇਣ ਤੋਂ ਸ਼ੁਰੂ ਹੁੰਦੀ ਹੈ। ਰਾਮ-ਰਾਜ ਦੇ ਮਹਾਨ ਆਦਰਸ਼ ਨੂੰ ਇਸ ਵਿਚ ਉਲੀਕਿਆ ਗਇਆ ਹੈ।

ਇਸ ਵਿਚ ਮਾਨਵ-ਜੀਵਨ ਦੇ ਸਾਮਾਜਿਕ ਤੇ ਧਾਰਮਿਕ ਆਦਰਸ਼ਾਂ ਦਾ ਚਿਤ੍ਰਣ ਹੈ ਤੇ ਭਾਰਤੀ ਸੰਸਕ੍ਰਿਤੀ ਦਾ ਮਹਾਨ-ਕੋਸ਼ ਹੈ। ਇਨ੍ਹਾਂ ਦੁਹਾਂ ਮਹਾਂਕਾਵਾਂ ਤੋਂ ਬਾਅਦ ਮਹਾਂਕਵੀ ਕਾਲੀਦਾਸ ਦਾ ਅਮਰ ਮਹਾਂ-ਕਾਵਿ 'ਰਘੁਵੰਸ਼' ਹੈ ਤੇ ਫਿਰ ਭਾਰਵੀ ਦਾ 'ਕਿਰਾਤਾਰੁ ਜਨੀਆ' ਅਤੇ ਮਾਘ ਦਾ 'ਸ਼ਿਸ਼ੂਪਾਲ ਵਧ' ਦਾ ਨਾਉਂ ਹੈ, ਇਸ ਤੋਂ ਪਿੱਛੋਂ ਸੰਸਕ੍ਰਿਤ ਦੀ ਇਹ ਪਰੰਪਰਾ ਹਿੰਦੀ ਮਹਾਂ-ਕਾਵਿ ਰਾਹੀਂ ਫਲਦੀ ਫੁਲਦੀ ਰਹੀ, ਜਿਸ ਵਿਚ ਜੈ ਸ਼ੰਕਰ ਪ੍ਰਸ਼ਾਦ ਦੀ 'ਕਾਮਾਇਨੀ' ਅਤੇ ਮੈਥਲੀ ਸ਼ਰਣ ਗੁਪਤ ਦੇ 'ਸਾਕੇਤ' ਦਾ ਵਿਸ਼ੇਸ਼ ਥਾਂ ਹੈ।

ਸੰਸਕ੍ਰਿਤ ਦੇ ਰਾਮਾਇਣ ਤੇ ਮਹਾਂਭਾਰਤ ਨਾਲ ਬਹੁਤ ਸਾਰੀਆਂ ਗਲਾਂ ਵਿਚ ਮੇਲ ਖਾਂਦੇ ਅੰਗ੍ਰੇਜ਼ੀ ਮਹਾਂਕਾਵਿ 'ਇਲਿਅਡ' ਅਤੇ 'ਓਡੇਸੀ' ਹਨ। ਹੋਮਰ ਨੇ 'ਇਲਿਅਡ' ਵਿਚ ਗਰੀਸ ਦੇ ਇਤਿਹਾਸਿਕ ਯੁਧ 'ਟਰੋਜਨ ਵਾਰ' ਦੀ ਕਥਾ ਲਈ ਹੈ, ਜਿਸ ਦੀਆਂ ਘਟਨਾਵਾਂ ਮਹਾਂਭਾਰਤ ਤੇ ਰਾਮਾਇਣ ਦੀਆਂ ਬਹੁਤ ਸਾਰੀਆਂ ਘਟਨਾਵਾਂ ਨਾਲ ਮਿਲਦੀਆਂ ਜੁਲਦੀਆਂ ਹਨ। ਇਸੇ ਤਰ੍ਹਾਂ 'ਓਡੇਸੀ' ਵਿਚ 'ਇਥੇਕਾ' ਦੇ ਰਾਜਾ ਯੂਲੀਸਿਸ ਦੀ ਕਹਾਣੀ ਹੈ, ਜਿਸ ਦੀ ਪਤੀਬਰਤਾ ਪਤਨੀ 'ਪੇਨੀਲੋਪ' ਸੀਤਾ ਵਰਗੀ ਆਦਰਸ਼ ਪਤਨੀ ਹੈ।

ਵਰਜਿਲ ਨੇ ਵੀ ਟਰੋਜਨ ਮਹਾਂਜੁਧ ਦੀ ਭੂਮੀ ਤੇ ਆਪਣੇ ਮਹਾਂਕਾਵਿ 'ਇਨਿਅਡ' ਨੂੰ ਉਸਾਰਿਆ ਅਤੇ ਇਸ ਤੋਂ ਪਿੱਛੋਂ ਇਟਲੀ ਦਾ ਸੁਪ੍ਰਸਿੱਧ ਪ੍ਰਤਿਭਾਸ਼ਾਲੀ ਕਵੀ ਦਾਂਤੇ ਨੇ ਡਿਵਾਈਨ ਕਾਮੇਡੀ ਨਾਂ ਦਾ ਮਹਾਂਕਾਵਿ ਰਚਿਆ।

## ਪੰਜਾਬੀ ਮਹਾਂਕਾਵਿ

ਹੀਰ ਦਮੋਦਰ— ਪੰਜਾਬੀ ਮਹਾਂਕਾਵਿ ਦਾ ਜਨਮ ਹੀਰ ਦਮੋਦਰ ਤੋਂ ਮੰਨਿਆ ਜਾਂਦਾ ਹੈ। ਹੀਰ-ਰਾਂਝੇ ਦੀ* ਲੋਕ-ਪ੍ਰਚਲਿਤ ਕਹਾਣੀ ਨੂੰ ਸਭ ਤੋਂ ਪਹਿਲਾਂ ਦਮੋਦਰ ਨੇ ਪ੍ਰਬੰਧ-ਕਾਵਿ ਵਿਚ ਬੰਨ੍ਹਿਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਹੀਰ-ਰਾਂਝੇ ਦੀ ਕਹਾਣੀ ਮਹਾਂ-ਕਾਵਿ ਲਈ ਬੜੀ ਯੋਗ ਸਾਮਗ੍ਰੀ ਹੈ, ਤੇ ਪੰਜਾਬੀਆਂ ਦੇ ਦਿਲਾਂ ਵਿਚ ਇਸ ਕਥਾ ਨੇ ਚਿਰਾਂ ਤੋਂ ਘਰ ਕੀਤਾ ਹੋਇਆ ਹੈ। ਪਰ ਇਸ ਨਾਲ ਦਮੋਦਰ ਦੀ ਹੀਰ ਨੂੰ ਮਹਾਂਕਾਵਿ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਮਹਾਂਕਾਵਿ ਲਈ ਜਿਸ ਕਾਵਿ-ਕੌਸ਼ਲ ਤੇ ਕਹਾਣੀ ਘੜਨ ਦੀ ਸੁਚੱਜਤਾ ਦੀ ਲੋੜ ਹੁੰਦੀ ਹੈ, ਉਹ ਦਮੋਦਰ ਵਿਚ ਸਾਨੂੰ ਨਹੀਂ ਮਿਲਦੀ। ਬੋਲੀ ਦੇ ਦੋਸ਼,

---

* ਹੀਰ-ਰਾਂਝੇ ਦੀ ਪ੍ਰਸਿੱਧੀ ਭਾਈ ਗੁਰਦਾਸ ਜੀ ਦੀ ਇਸ ਪਉੜੀ ਤੋਂ ਵੀ ਸਿੱਧ ਹੁੰਦੀ ਹੈ:

"ਰਾਂਝਾ ਹੀਰ ਵਖਾਣੀਐ, ਉਹ ਪਿਰਮ ਪਰਾਤੀ।"

ਛੰਦ ਤੇ ਤੋਲ ਦੀਆਂ ਊਣਤਾਈਆਂ, ਕਲਪਨਾ ਦੀ ਘਾਟ, ਦ੍ਰਿਸ਼ ਵਰਣਨ ਵਲੋਂ ਬੇਪ੍ਰਵਾਹੀ, ਭਾਰਤੀ ਸ਼ੈਲੀ ਦੀ ਥਾਂ ਮਸਨਵੀ ਢੰਗ, ਪਾਤਰਾਂ ਦਾ ਅਧੂਰਾ ਵਿਅਕਤਿਤ੍ਵ ਆਦਿ ਔਗੁਣ ਦਮੋਦਰ ਦੀ ਹੀਰ ਨੂੰ ਮਹਾਂਕਾਵਿ ਦੀ ਪਦਵੀ ਤੇ ਨਹੀਂ ਪੁਜਣ ਦੇਂਦੇ। ਦਮੋਦਰ ਦੀ ਇਹ ਰਚਨਾ ੨੮ ਮਾਤਰਾਂ ਦੇ ਦਵੱਈਆ ਛੰਦ ਵਿਚ ਹੈ, ਕਿਤੇ ਕਿਤੇ ਦੋਹਿੜਾ ਵੀ ਵਰਤਿਆ ਹੈ।

ਹੀਰ ਵਾਰਿਸ— ਪੰਜਾਬੀ ਸਾਹਿਤ ਦਾ ਪਹਿਲਾ ਮਹਾਂਕਾਵਿ ਵਾਰਸ ਦੀ ਹੀਰ ਨੂੰ ਆਖਿਆ ਜਾ ਸਕਦਾ ਹੈ। ਵਾਰਸ ਇਕ ਬਹੁਤ ਹੀ ਪ੍ਰਤਿਭਾਸ਼ਾਲੀ ਤੇ ਸੂਝਵਾਨ ਕਵੀ ਹੈ, ਜਿਸ ਦੇ ਆਪਣੇ ਹਿਰਦੇ ਵਿਚ ਰਾਂਝੇ ਵਰਗੀ ਪ੍ਰੇਮ-ਚੁਆਤੀ ਲੱਗੀ ਹੋਣ ਕਰਕੇ ਉਸ ਨੇ ਰਾਂਝੇ ਦੇ ਅਨੁਭਵ ਨੂੰ ਆਪਣਾ ਅਨੁਭਵ ਬਣਾ ਲਇਆ ਸੀ। ਇਕ ਮਹਾਂ-ਕਾਵਿਕਾਰ ਲਈ ਜਿੰਨੇ ਵੀ ਗੁਣ ਲੋੜੀਂਦੇ ਹਨ, ਲਗ ਪਗ ਉਹ ਸਾਰੇ ਹੀ ਵਾਰਸ ਵਿਚ ਮੌਜੂਦ ਸਨ। ਜੀਵਨ ਦਾ ਡੂੰਘਾ, ਤਜਰਬਾ, ਵਿਸ਼ਾਲ ਅਨੁਭਵ, ਤੀਖਣ ਬੁੱਧੀ, ਉਚੇਰੀ ਕਲਪਨਾ ਤੇ ਭਾਵਾਂ ਦੀ ਪ੍ਰਬਲਤਾ ਸਭ ਉਸ ਪਾਸ ਹੈਸਨ।

ਵਾਰਸਿ ਦੀ ਵਰਣਨ-ਸ਼ੈਲੀ ਨੂੰ ਕੋਈ ਵਿਰਲਾ ਹੀ ਅਪੜ ਸਕਦਾ ਹੈ, ਜਿਸ ਚੀਜ਼ ਜਾਂ ਸਥਾਨ ਨੂੰ ਉਹ ਬਿਆਨਦਾ ਹੈ, ਉਸ ਦੀਆਂ ਬਰੀਕੀਆਂ ਤੇ ਡੂੰਘਾਈਆਂ ਤਕ ਉਹ ਪਹੁੰਚਦਾ ਹੈ। ਪ੍ਰਕ੍ਰਿਤੀ-ਚਿਤ੍ਰਣ ਵਿਚ ਤਾਂ ਉਸ ਦੀ ਕਲਾ ਬਹੁਤ ਉੱਚੀ ਉਠਦੀ ਹੈ। ਪਾਤਰਾਂ ਦੇ ਸੁਭਾਵਾਂ ਨੂੰ ਉਹ ਬੜੀ ਮਨੋਵਿਗਿਆਨਕ ਸੂਝ ਨਾਲ ਉਸਾਰਦਾ ਹੈ। ਹੀਰ-ਰਾਂਝਾ ਸਹਿਤੀ ਤੇ ਕੈਦੋਂ ਦੇ ਸੁਭਾਵਾਂ ਨੂੰ ਪ੍ਰਸਤੁਤ ਕਰਨ ਵਿਚ ਉਸ ਨੇ ਵਿਸ਼ੇਸ਼ ਮਿਹਨਤ ਕੀਤੀ ਹੈ, ਇਹੋ ਕਾਰਣ ਹੈ ਕਿ ਵਾਰਸ ਦਾ ਰਾਂਝਾ ਤੇ ਹੀਰ ਉਸ ਦੇ ਅਮਰ ਪਾਤਰ ਬਣ ਗਏ ਹਨ।

ਵਾਰਿਸ ਦੀ ਹੀਰ ਦਾ ਪ੍ਰਧਾਨ ਰਸ ਸ਼ਿੰਗਾਰ ਹੈ ਤੇ ਗੌਣ ਰੂਪ ਵਿਚ ਦੂਸਰੇ ਰਸ— ਹਾਸ-ਰਸ, ਬੀਰ-ਰਸ, ਸ਼ਾਂਤ-ਰਸ, ਅਦਭੁਤ-ਰਸ ਤੇ ਸ਼ੋਕ-ਰਸ ਆਦਿ ਆਉਂਦੇ ਹਨ। ਸ਼ਿੰਗਾਰ-ਰਸ ਤੇ ਇਸ ਦੇ ਸਥਾਈ ਭਾਵ ਪ੍ਰੇਮ ਦੇ ਦੋਵੇਂ ਪੱਖ- ਵਿਜੋਗ ਤੇ ਸੰਜੋਗ ਬੜੇ ਭਾਵਕ ਅਤੇ ਸੂਖਮ ਢੰਗ ਨਾਲ ਪ੍ਰਗਟਾਏ ਹਨ।

ਇਹ ਕਿੱਸਾ ੪੦ ਮਾਤਰਾਂ ਦੇ ਬੈਂਤ ਛੰਦ ਵਿਚ ਹੈ ਤੇ ਇਹ ਛੰਦ ਬੜੀ ਸਫਲਤਾ ਨਾਲ ਵਾਰਸ ਨੇ ਨਿਭਾਇਆ ਹੈ, ਦਮੋਦਰ ਵਾਂਗ ਪਾਤਰਾਂ ਦਾ ਵਾਧ-ਘਾਟ ਨਹੀਂ। ਰੂਪਕਾਂ ਤੇ ਅਲੰਕਾਰਾਂ ਦਾ ਚਮਤਕਾਰ ਤਾਂ ਵਾਰਸ ਵਿਚ ਹੈਰਾਨ ਕਰਨ ਵਾਲਾ ਹੈ, ਥਾਂ ਥਾਂ ਤੇ ਨਵੀਆਂ ਉਪਮਾਵਾਂ ਤੇ ਮੌਲਿਕ ਰੂਪਕਾ ਨੇ ਕਵਿਤਾ ਦੇ ਸੌਂਦਰਯ ਵਿਚ ਵਾਧਾ ਕੀਤਾ ਹੈ।

ਵਾਰਸ ਦਾ ਕਿੱਸਾ ਸ਼ਾਸਤਰੀ ਘਸੌਟੀਆਂ ਤੇ ਪੂਰਾ ਉਤਰਦਾ ਹੈ, ਨਾਉਂ

ਇਸ ਦਾ ਨਾਇਕਾ ਦੇ ਨਾਂ ਤੇ 'ਹੀਰ' ਰਖਿਆ ਗਇਆ ਹੈ। ਲੋਕ-ਪ੍ਰਚਲਿਤ ਕਥਾ ਹੈ, ਸ਼ਿੰਗਾਰ-ਰਸ ਪ੍ਰਧਾਨ ਹੈ, ਨਾਇਕ, ਤੇ ਨਾਇਕਾ ਸਾਰੀ ਕਹਾਣੀ ਉੱਤੇ ਛਾਏ ਹੋਏ ਹਨ। ਅਰੰਭ ਵਿਚ ਅਕਾਲ-ਉਸਤਤ ਹੈ, ਕੈਦੋ ਵਰਗੇ ਦੁਸ਼ਟਾਂ ਦੀ ਨਿੰਦਿਆ ਵੀ ਹੈ। ਕੁਦਰਤ ਦਾ ਵਿਸ਼ਾਲ ਵਰਣਨ ਹੈ ਤੇ ਕਥਾ ਦੀ ਇਕ ਸੂਤਰਤਾ ਅਖੀਰ ਤਕ ਬਣੀ ਰਹਿੰਦੀ ਹੈ।

**ਰਾਣਾ ਸੂਰਤ ਸਿੰਘ**— ਇਸ ਤੋਂ ਬਾਅਦ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਭਾਈ ਵੀਰ ਸਿੰਘ ਦੇ ਰਾਣਾ ਸੂਰਤ ਸਿੰਘ ਦਾ ਨਾਉਂ ਆਉਂਦਾ ਹੈ। ਰਾਣਾ ਸੂਰਤ ਸਿੰਘ ਇਕ ਕਲਪਿਤ ਕਹਾਣੀ ਹੈ, ਜੋ ਰਾਣੀ ਰਾਜ ਕੌਰ ਦੇ ਜੀਵਨ ਦਵਾਲੇ ਘੁੰਮਦੀ ਹੈ। ਰਾਜ ਕੌਰ ਜਿਸ ਦਾ ਆਪਣੇ ਪਤੀ ਸੂਰਤ ਸਿੰਘ ਨਾਲ ਅਥਾਹ ਪਿਆਰ ਸੀ, ਉਸ ਦੀ ਮੌਤ ਤੇ ਬਹੁਤ ਵਿਰਲਾਪ ਕਰਦੀ ਹੈ, ਵਿਛੋੜੇ ਵਿਚ ਤੜਫਦੀ ਹੈ, ਪਤੀ ਦੀ ਸਮਾਧ ਬਣਵਾਂਦੀ ਹੈ, ਅਤੇ ਕਈ ਤਰ੍ਹਾਂ ਦੀਆਂ ਔਕੜਾਂ ਝਾਗਦੀ ਹੋਈ ਸਤਸੰਗ ਦੇ ਪ੍ਰਭਾਵ ਨਾਲ ਰਾਜ ਜੋਗ ਨੂੰ ਪ੍ਰਾਪਤ ਕਰਦੀ ਹੈ।

ਸਾਰੀ ਰਚਨਾ ਵੀਹ ਮਾਤਰਾਂ ਦੇ ਸਿਰਖੰਡੀ ਛੰਦ ਵਿਚ ਹੈ, ਜਿਸ ਦਾ ਪਹਿਲਾ ਵਿਸਰਾਮ ੧੧ ਮਾਤਰਾਂ ਉੱਤੇ ਅਤੇ ਦੂਜਾ ੯ ਮਾਤਰਾਂ ਉੱਤੇ ਹੈ।

ਹੁਣ ਅਸੀਂ ਅਰੰਭ ਵਿਚ ਦਸੇ ਮਹਾਂਕਾਵਿ ਦੇ ਲੱਛਣਾ ਨੂੰ ਲੈ ਕੇ ਦੇਖਦੇ ਹਾਂ ਕਿ ਕੀ ਇਹ ਰਚਨਾ ਸਚਮੁਚ ਮਹਾਂਕਾਵਿ ਹੈ।

ਮਹਾਂਕਾਵਿ ਦਾ ਪਹਿਲਾ ਤੇ ਮੁਢਲਾ ਲੱਛਣ ਹੈ, ਇਸ ਦੀ ਕਹਾਣੀ ਦਾ ਇਤਿਹਾਸਕ ਜਾਂ ਲੋਕ-ਪ੍ਰਸਿੱਧ ਹੋਣਾ, ਜਿਸ ਦਾ ਨਾਇਕ ਵੀ ਲੋਕ-ਪ੍ਰਿਯ ਜਾਂ ਇਤਿਹਾਸਕ ਮਹਾਂ-ਵਿਅਕਤੀ ਹੋਵੇ, ਪਰ ਇਸ ਗ੍ਰੰਥ ਦੀ ਨਾ ਤਾਂ ਕਥਾ ਹੀ ਇਤਿਹਾਸਕ ਹੈ ਤੇ ਨਾ ਹੀ ਰਾਣਾ ਸੂਰਤ ਸਿੰਘ ਤੇ ਰਾਣੀ ਰਾਜ ਕੌਰ ਹੀ ਇਤਿਹਾਸਕ ਜਾਂ ਲੋਕ-ਪ੍ਰਸਿਧ ਵਿਅਕਤੀ ਹਨ। ਭਾਵੇਂ ਭਾਈ ਵੀਰ ਸਿੰਘ ਨੇ ਇਤਿਹਾਸ ਨਾਲ ਇਸ ਕਹਾਣੀ ਦਾ ਨਾਤਾ ਜੋੜਨ ਦੀ ਕੋਸ਼ਿਸ਼ ਕੀਤੀ ਹੈ, ਪਰ ਉਸ ਨਾਲ ਵੀ ਅਸਲ ਕਹਾਣੀ ਇਤਿਹਾਸਕ ਨਹੀਂ ਬਣ ਸਕਦੀ। ਫਿਰ ਕਿਤਾਬ ਦਾ ਨਾਉਂ ਜੋ ਨਾਇਕ ਦੇ ਨਾਉਂ ਤੇ ਹੁੰਦਾ ਹੈ ਵੀ ਮਹਾਂਕਾਵਿ ਦੇ ਨਿਯਮ ਦੀ ਉਲੰਘਣਾ ਕਰਦਾ ਹੈ। ਸਾਰੀ ਕਹਾਣੀ ਰਾਣੀ ਰਾਜ ਕੌਰ ਦੀ ਹੈ, ਜੋ ਰਾਣਾ ਸੂਰਤ ਸਿੰਘ ਦੀ ਮੌਤ ਤੋਂ ਸ਼ੁਰੂ ਹੁੰਦੀ ਹੈ। ਭਾਵੇਂ ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਇਸ ਇਤਰਾਜ਼ ਨੂੰ ਨਿਰਮੂਲ ਸਿੱਧ ਕਰਣ ਲਈ ਲਿਖਦੇ ਹਨ ਕਿ* ਇਸ ਕਾਵਿ ਵਿਚ ਵਿਅਕਤੀ ਪ੍ਰਧਾਨ ਹੈ, ਅਰਥਾਤ ਰਾਣਾ ਸੂਰਤ ਸਿੰਘ ਦੀ ਸ਼ਖਸੀਅਤ ਮੁਖੀ ਅਸਰ ਕਰਨ

---

* ਪੰਜਾਬੀ ਦੁਨੀਆਂ ਜਨਵਰੀ ੧੯੫੨।

ਵਾਲੀ ਹੈ, ਪਰ ਇਹ ਗਲ ਕੁਝ ਬੁੱਧੀ ਨੂੰ ਪ੍ਰਵਾਨ ਨਹੀਂ ਹੁੰਦੀ, ਕਿਉਂਕਿ ਇਸ ਤਰ੍ਹਾਂ ਇਕ ਮਰ ਚੁੱਕੇ ਆਦਮੀ ਦੀ ਰੂਹ ਨਾਇਕ ਦਾ ਕੰਮ ਕਰਦੀ ਹੈ ।

ਕਥਾ ਨੂੰ ਇਕ ਸੂਤਰਤਾ ਵਿਚ ਪ੍ਰੋਣ ਤੇ ਰੌਚਿਕਤਾ ਪੈਦਾ ਕਰਨ ਵਜੋਂ ਵੀ ਰਾਣਾ ਸੂਰਤ ਸਿੰਘ ਵਿਚ ਊਣਤਾਈਆਂ ਰਹਿ ਗਈਆਂ ਹਨ । ਡਾਕਟਰ ਗੋਪਾਲ ਸਿੰਘ ਦਰਦੀ ਇਸ ਸੰਬੰਧ ਵਿਚ ਲਿਖਦੇ ਹਨ*— "ਇਸ ਵਿਚ ਕਹਾਣੀ ਰਸ ਕੋਈ ਨਹੀਂ, ਨਾਹੀ ਕਿਸੇ ਮਹਾਨ ਇਤਿਹਾਸਕ, ਮਿਥਿਹਾਸਕ ਵਿਅਕਤੀ ਨਾਲ ਇਸ ਦਾ ਸੰਬੰਧ ਹੈ। ਜਜ਼ਬਾ ਤੇ ਆਸ਼ਾ ਇਸ ਦਾ ਧਾਰਮਿਕ ਹੈ, ਪਰ ਇਸ ਵਿਚ ਆਖਣ ਦੀ ਉਹ ਸਾਦਗੀ ਤੇ ਸਿੱਧਾ-ਪਨ ਨਹੀਂ, ਜੋ ਮਹਾਂਕਾਵਿ ਦਾ ਇਕ ਵਿਸ਼ੇਸ਼ ਚਿੰਨ੍ਹ ਹੈ।"

ਪਰ ਇਸ ਦਾ ਅਰਥ ਇਹ ਨਹੀਂ ਕਿ ਮਹਾਂਕਾਵਿ ਵਾਲਾ ਕੋਈ ਵੀ ਗੁਣ ਇਸ ਵਿਚ ਮੌਜੂਦ ਨਹੀਂ । ਨਿਰਸੰਦੇਹ ਸਰਗਾਂ ਦੇ ਨਿਯਮ ਉੱਤੇ ਇਹ ਕਾਵਿ ਪੂਰਾ ਉਤਰਦਾ ਹੈ। ਇਸ ਦੇ ਕੁਲ ੩੫ ਸਰਗ ਹਨ। ਛੰਦ ਵੀ ਇਕੋ ਸਿਰਖੰਡੀ ਛੰਦ ਹੈ। ਅਰੰਭ ਵਿਚ ਜਾਪ ਸਾਹਿਬ ਵਿੱਚੋਂ ਲੈ ਕੇ ਇਕ ਛੋਟਾ ਜਿਹਾ ਮਗਲਾਚਰਣ ਵੀ ਦਿੱਤਾ ਗਇਆ ਹੈ। ਰਸਾਂ ਵਿਚੋਂ ਸ਼ਾਂਤ-ਰਸ ਦੀ ਪ੍ਰਧਾਨਤਾ ਹੈ, ਜੋ ਅਖੀਰ ਤਕ ਬਣੀ ਰਹਿੰਦੀ ਹੈ, ਪਰ ਕਿਤੇ ਕਿਤੇ ਕਰੁਣਾ-ਰਸ ਵੀ ਹੈ। ਸਿਰਖੰਡੀ-ਛੰਦ ਉੱਤੇ ਕਵੀ ਨੂੰ ਪੂਰਣ ਅਧਿਕਾਰ ਪ੍ਰਾਪਤ ਹੈ। ਸ਼ਾਂਤ-ਰਸ ਤੇ ਉਸਦੇ ਸਥਾਈ ਭਾਵ ਆਤਮ-ਤ੍ਰਿਪਤੀ ਦੇ ਪ੍ਰਭਾਵ ਨੂੰ ਉਤਪੰਨ ਕਰਣ ਵਿਚ ਵੀ ਕਵੀ ਪੂਰੀ ਤਰ੍ਹਾਂ ਸਫਲ ਹੈ, ਜਿਵੇਂ —

ਮਨ ਅਰ ਬੁੱਧੀ ਦਾਨ, ਜੋ ਕੁਝ ਕਰ ਦਏ,
ਰਖਦੇ ਯਾਦ ਨਾ ਮੂਲ ਸਦਾ ਭੁਲਾਂਵਦੇ ।

ਰੋਸ ਸਹਾਰਨ, ਮਾਫ਼ ਕਰਦੇ ਹਨ ਸਦਾ,
ਮਾਫ਼ ਕਰਨ ਦੇ ਨਾਲ ਭੁਲਦੇ ਚਿੱਤ ਤੋਂ ।

ਚਿੱਤ ਰਹੇ ਜਦ ਸਾਫ਼ ਧੋਤਾ ਬ੍ਰਿਤਿਓਂ,
ਭੁਲਦਾ ਸਾਰੇ ਦਾਨ ਕਰਦਾ ਜੋ ਰਹਿਆ ।

ਦ੍ਰਿਸ਼-ਵਰਣਨ ਵਲ ਵੀ ਕਵੀ ਦਾ ਉਚੇਚਾ ਧਿਆਨ ਹੈ ਤੇ ਉਪਮਾ ਭਰਪੂਰ ਦ੍ਰਿਸ਼ ਪ੍ਰਕ੍ਰਿਤੀ-ਚਿਤ੍ਰਣ ਸ਼ਾਂਤ-ਰਸ ਦੇ ਐਨ ਅਨੁਕੂਲ ਹੈ :—

ਇਸ ਚਾਨਣ ਵਿਚਕਾਰ ਚੰਦ ਦੀ ਚਾਂਦਨੀ,
ਦਿੱਤਾ ਰੂਪ ਚੜ੍ਹਾਇ ਉੱਤੋਂ ਆਇ ਕੇ ।

---

* ਸਾਹਿਤ ਦੀ ਪਰਖ ਦੂਸਰੀ ਐਡੀਸ਼ਨ, ਪੰਨਾ ੧੩ ।

ਧਰਤੀ ਅਤੇ ਅਕਾਸ਼ ਮੱਧੇ ਪੋਲ ਦੇ,
ਕਲਾਬਾਜ਼ੀਆਂ ਲਾਇ ਖੇਡੇ ਚਾਂਦਨੀ ।
ਵਾਂਗ ਮਦਾਰੀ ਹੇਠ ਰਖੇ ਪੈਰ ਹੈ,
ਫੁਲਾਂ ਉੱਪਰ ਏਹ ਸਹਿਜੇ ਮਲਕੜੇ,
ਉਪਰ ਤਾਰਿਆਂ ਨਾਲ ਖੇਲਾਂ ਖੇਲਦੀ,
ਭੋਂ ਦਾ ਖਾਕੀ ਰੰਗ ਕੱਜੇ ਚਾਂਦਨੀ,
ਮਾਨੋ ਚਿੱਟੀ ਸਾਫ ਚਾਦਰ ਵਿਛਾਵੰਦੀ ।

ਬੋਲੀ ਦੀ ਮਿਠਾਸ ਤੇ ਸ਼ਾਂਤ-ਰਸ ਦਾ ਸੁਖਾਵਾਂ ਪ੍ਰਭਾਵ ਕਵੀ ਵੀ ਇਸ ਰਚਨਾ ਵਿਚ ਸੌਂਦਰਯ ਉਤਪਾਦਨ ਕਰਦਾ ਹੈ । ਅਤੇ ਉਪ੍ਰੋਕਤ ਵਿਚਾਰ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਭਾਵੇਂ ਰਾਣਾ ਸਿੰਘ ਮਹਾਂਕਾਵਿ ਦੀ ਕੋਟੀ ਵਿਚ ਨਹੀਂ ਆਉਂਦਾ, ਫਿਰ ਵੀ ਸਾਹਿਤਕ ਤੇ ਕਲਾਤਮਿਕ ਦ੍ਰਿਸ਼ਟੀ ਤੋਂ ਇਹ ਇਕ ਮਹਾਨ ਰਚਨਾ ਹੈ ।

ਇਸ ਤੋਂ ਪਿੱਛੋਂ 'ਲਕਸ਼ਮੀ ਦੇਵੀ' ਕ੍ਰਿਤ ਕਿਰਪਾ ਸਾਗਰ, ਏਸ਼ੀਆ ਦਾ ਚਾਨਣ ਕ੍ਰਿਤ ਪ੍ਰੋ: ਮੋਹਨ ਸਿੰਘ ਤੇ ਰੂਪ ਰਾਣੀ ਸ਼ਕੁੰਤਲਾ ਕ੍ਰਿਤ ਵਿਧਾਤਾ ਸਿੰਘ ਦਾ ਨਾਮ ਆਉਂਦਾ ਹੈ, ਪਰ ਕਿਉਂਕਿ ਉਪਰੋਕਤ ਤਿੰਨੇ ਮਹਾਂਕਾਵਿ ਮੌਲਿਕ-ਰਚਨਾਵਾਂ ਨਾ ਹੋਣ ਕਰਕੇ ਅਨੁਵਾਦਿਤ ਜਾਂ ਆਧਾਰਿਤ ਹਨ, ਇਸ ਲਈ ਪੰਜਾਬੀ ਦੇ ਮੌਲਿਕ ਮਹਾਂਕਾਵਾਂ ਵਿਚ ਇਹਨਾਂ ਦੀ ਗੁਣਨਾ ਨਹੀਂ ਹੋ ਸਕਦੀ । ਲਕਸ਼ਮੀ ਦੇਵੀ ਵਾਲਟਰ ਸਕਾਟ ਦੀ ਰਚਨਾ ਲੇਡੀ ਆਫ਼ ਦੀ ਲੇਕ ਦੇ ਅਧਾਰ ਤੇ ਹੈ, ਏਸ਼ੀਆ ਦਾ ਚਾਨਣ, ਲਾਈਟ ਆਫ਼ ਏਸ਼ੀਆ (Light of Asia) ਦਾ ਅਨੁਵਾਦ ਹੈ ਤੇ ਰੂਪ ਰਾਣੀ ਸ਼ਕੁੰਤਲਾ ਕਾਲੀ ਦਾਸ ਦੇ ਕਾਵਿ-ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਰੂਪ ਹੈ ।

**ਮਰਦ ਅਗੰਮੜਾ**— ਵਰਤਮਾਨ ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾ ਤੇ ਸਫ਼ਲ ਮਹਾਂਕਾਵਿ ਅਵਤਾਰ ਸਿੰਘ ਆਜ਼ਾਦ ਦਾ "ਮਰਦ ਅਗੰਮੜਾ" ਹੈ । ਆਜ਼ਾਦ ਇਕ ਪੁਰਾਣਾ, ਤਜਰਬੇਕਾਰ ਤੇ ਉਸਤਾਦ ਕਵੀ ਹੈ, ਜਿਸ ਨੇ ਦਰਜਨ ਦੇ ਕਰੀਬ ਕਵਿਤਾ ਦੀਆਂ ਕਿਤਾਬਾਂ ਲਿਖਣ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ-ਚਰਿਤ੍ਰ ਨੂੰ ਮਹਾਂਕਾਵਿ ਦੇ ਰੂਪ ਵਿਚ ਗਾਂਵਿਆ ਹੈ । ਇਸ ਮਹਾਂਕਾਵਿ ਵਿਚ ਗੁਰੂ ਸਾਹਿਬ ਦੇ ਸੰਪੂਰਨ ਜੀਵਨ ਦੀ ਤਸਵੀਰ ਹੈ, ਜਨਮ ਤੇ ਬਾਲਪਨ ਤੋਂ ਲੈ ਕੇ ਜੋਤੀ ਜੋਤਿ ਸਮਾਣ ਤਕ ਦਾ ਬਿਰਤਾਂਤ ਦਿੱਤਾ ਗਇਆ ਹੈ । ਪਰ ਸਭ ਤੋਂ ਵੱਡੀ ਸਿਫਤ ਇਹ ਹੈ ਕਿ ਇਸ ਵਿਚ ਆਈਆਂ ਘਟਨਾਵਾਂ ਨਵੇਂ ਦ੍ਰਿਸ਼ਟੀ-ਕੋਣ ਤੇ ਨਵੀਂ ਰੋਸ਼ਨੀ ਤੋਂ ਪ੍ਰਗਟਾਈਆਂ ਗਈਆਂ ਹਨ । ਮੁਢ ਵਿਚ

ਅਕਾਲ ਪੁਰਖ ਦੀ ਉਸਤਤ ਵਿਚ ਮੰਗਲਾਚਰਣ ਹੈ ਤੇ ਫਿਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਗੁਣਗਾਨ ਕੀਤਾ ਹੈ। ਸਮੁੱਚੇ ਕਾਵਿ ਨੂੰ ੩੪ ਸਰਗਾਂ ਵਿਚ ਵੰਡਿਆ ਗਇਆ ਹੈ ਤੇ ਦੋਹਿਰਾ ਛੰਦ ਦੀ ਪ੍ਰਧਾਨਤਾ ਹੈ। ਵੱਖ ਵੱਖ ਮੌਕਿਆਂ ਤੇ ਪ੍ਰਸਥਿਤੀਆਂ ਅਨੁਸਾਰ ਦੂਸਰੇ ਛੰਦ-- ਕੋਰੜਾ, ਸੋਰਠਾ, ਸਿਰਖੰਡੀ ਤੇ ਦਵੱਈਆ ਆਦਿ ਵੀ ਵਰਤੇ ਹਨ। ਬੀਰ-ਰਸ ਮੁਖ ਰਸ ਹੈ, ਪਰ ਕਰੁਣਾ, ਸ਼ਾਂਤ, ਸ਼ੋਕ ਆਦਿ ਰਸ ਵੀ ਹਨ।

ਉਸ ਸਮੇਂ ਦਾ ਸਭਿਆਚਾਰਕ, ਧਾਰਮਿਕ ਤੇ ਇਤਿਹਾਸਕ ਵਾਤਾਵਰਣ ਨੂੰ ਕਵੀ ਨੇ ਹੁਬਹੂ ਸਾਡੀਆਂ ਅੱਖਾਂ ਸਾਹਮਣੇ ਲਿਆ ਖੜਾ ਕੀਤਾ ਹੈ। ਉਸ ਵੇਲੇ ਦੀ ਸਾਹ-ਸਤ-ਹੀਨ ਜਨਤਾ ਵਿਚ ਨਵੀਂ ਰੌਅ ਪੈਦਾ ਕਰ ਕੇ ਗਿਦੜੋਂ ਸ਼ੇਰ ਬਣਾਣਾ ਤੇ ਫਿਰ ਮੁਗ਼ਲ ਸਾਮਰਾਜ ਨਾਲ ਟੱਕਰ ਲੈਂਦੇ ਹੋਏ, ਸਿਖ ਯੋਧਿਆਂ ਦੀਆਂ ਸ਼ਹੀਦੀਆਂ ਪ੍ਰਾਪਤ ਕਰਨੀਆਂ, ਚਹੁੰ ਸਾਹਬਜ਼ਾਦਿਆਂ ਦਾ ਧਰਮ ਤੇ ਦੇਸ਼ ਲਈ ਕੁਰਬਾਨ ਹੋਣਾ ਆਦਿ ਉਹ ਘਟਨਾਵਾਂ ਹਨ, ਜਿਨ੍ਹਾਂ ਦਾ ਵਰਣਨ ਕਵੀ ਦੀ ਪ੍ਰਤੀਭਾ ਅਤੇ ਕਲਾਕਾਰੀ ਦਾ ਸਬੂਤ ਹੈ।

ਮਰਦ ਅਗੰਮੜਾ ਦੀ ਸ਼ੁੱਧ ਤੇ ਪ੍ਰਭਾਵਸ਼ਾਲੀ ਸਾਹਿਤਕ ਭਾਸ਼ਾ, ਅਲੰਕਾਰਾਂ ਦੀ ਨਗੀਨਿਆਂ ਵਾਂਗ ਜੜਤ, ਛੰਦ ਤੇ ਤੋਲ ਦੀ ਸੰਗੀਤਕ ਲੈਅ, ਵਲਵਲੇ ਤੇ ਕਲਪਨਾ ਦਾ ਬੇਰੋਕ ਪਰਵਾਹ ਕਿਸੇ ਓਪਰੇ ਯਤਨ ਦਾ ਸਿੱਟਾ ਨਹੀਂ। ਸਗੋਂ ਇਹ ਸ਼ਰਧਾ ਵਿਚ ਲੀਨ ਕਵੀ ਦੀ ਆਤਮਾ ਦਾ ਉਛਾਲਾ ਹੈ, ਜੋ ਕੁਦਰਤੀ ਸੋਮੇ ਵਾਂਗ ਆਪ ਮੁਹਾਰੇ ਫੁੱਟ ਨਿਕਲਿਆ ਹੈ, ਇਹ ਉਸ ਦੇ ਅੰਦਰਲੇ ਦਾ ਸਹੀ ਉਤਾਰਾ ਹੈ।

ਅਸਲੀ ਅਰਥਾਂ ਵਿਚ ਹੈ ਇਹ ਮਹਾਂਕਾਵਿ, ਜਿਸ ਦੀ ਇਕ ਇਕ ਸਤਰ ਵਿਚੋਂ ਰੁਹਾਨੀਅਤ ਝਲਕਦੀ ਹੈ, ਜਿਸ ਦਾ ਬੀਰ-ਰਸੀ ਵਰਣਨ ਸੁੱਤੀ ਹੋਈ ਰੂਹ ਨੂੰ ਜਗਾਂਦਾ ਹੈ, ਮੋਈ ਹੋਈ ਅਣਖ ਨੂੰ ਵੰਗਾਰਦਾ ਹੈ। ਜਿਸ ਵਿਚ ਲਲਕਾਰ ਹੈ, ਅਨਿਆਂ ਤੇ ਜਬਰ ਨਾਲ ਟੱਕਰ ਲੈਣ ਲਈ। ਜਿਸ ਵਿਚ ਇਕ ਵਿਅਕਤੀ ਦੀ ਦੂਸਰੇ ਵਿਅਕਤੀ ਵਿਰੁਧ ਲੜਾਈ ਨਹੀਂ, ਸਗੋਂ ਜਾਬਰਾਂ ਤੇ ਅਤਿਆਚਾਰਾਂ ਨਾਲ ਮਨੁਖਤਾ ਦੀ ਲੜਾਈ ਹੈ— ਨੇਕੀ ਤੇ ਬਦੀ ਦੀ ਜੰਗ ਹੈ, ਪਾਪ ਤੇ ਪੁੰਨ ਦਾ ਘੋਲ ਹੈ ਅਤੇ ਇਸ ਘੋਲ ਦਾ ਮਹਾਨ ਨਾਇਕ ਹੈ ਮਰਦ ਅਗੰਮੜਾ ਗੁਰੂ ਗੋਬਿੰਦ ਸਿੰਘ। ਆਪ ਮੁਹਾਰੇ ਇਸ ਕਾਵਿ ਵਿਚ ਮਹਾਂਕਾਵਿ ਦੇ ਲੱਛਣ ਸਮਾ ਗਏ ਹਨ, ਸਗੋਂ ਅਣ-ਗਿਣਤ ਉਹ ਵਿਸ਼ੇਸ਼ਤਾਵਾਂ ਜੋ ਮਹਾਂਕਾਵਿ ਦੀ ਸ਼ਾਸਤਰੀ ਸਮੀਖਿਆ ਵਿਚ ਵੀ ਨਹੀਂ ਮਿਲਦੀਆਂ, ਇਸ ਰਚਨਾ ਵਿਚ ਵਿਆਪਕ ਹਨ।

ਦਸ਼ਮੇਸ਼ ਜੀ ਦਾ ਲਾਲ ਜੁਝਾਰ ਸਿੰਘ ਜੰਗ ਵਿਚ ਜਾਣ ਲਈ ਗੁਰੂ ਪਿਤਾ

ਦੀ ਆਗਿਆ ਲੈਣ ਜਾਂਦਾ ਹੈ, ਗੁਰੂ ਜੀ ਛਾਤੀ ਨਾਲ ਲਾ ਲੈਂਦੇ ਹਨ, ਇਸ ਦਾ ਕਲਾ ਪੂਰਤ ਬਿਆਨ ਇਸ ਤਰ੍ਹਾਂ ਹੈ :—

ਆਪਣੇ ਅਣਖੀ ਲਾਲ ਨੂੰ ਗਲ ਨਾਲ ਨੇ ਲਾਉਂਦੇ,
ਜੱਫ਼ੀ ਦੇ ਵਿਚ ਘੁੱਟ ਕੇ ਨੈਣੀ ਨੈਣ ਪਾਉਂਦੇ,
ਛੋਟੇ ਅੰਗਾਂ ਵਿਚ ਨੇ ਸ਼ਕਤੀ ਰੁਮਕਾਉਂਦੇ,
ਫੇਰ ਫੇਰ ਹੱਥ ਕੰਡ ਤੇ ਵੀਰਤਵ ਗਰਮਾਉਂਦੇ ।
ਕਿਵੇਂ ਬਲੀ ਰਣ ਮੰਡਦੇ, ਪੁਤ ਨੂੰ ਸਮਝਾਉਂਦੇ,
ਮੁੜਨਾ ਸ਼ੇਰ ਨਾ ਜਾਣਦਾ, ਮੂੰਹੋਂ ਫਰਮਾਉਂਦੇ,
ਆਖਣ ਪੁੱਤ ਸ਼ਾਹਬਾਜ਼ ਦੇ ਜਾਂ ਝਪਟ ਚਲਾਉਂਦੇ,
ਰੰਗ ਨਵਾਂ ਅਕਾਸ਼ ਨੂੰ ਦੇ ਜਗ ਵਿਸਮਾਉਂਦੇ ।

ਤੇ ਜਦੋਂ ਇਹ ਸੂਰਬੀਰ ਗੁਰੂ ਜੀ ਦਾ ਚੌਥਾ ਲਾਲ ਵੀ ਤੇਗ਼ ਵਾਂਹਦਾ ਰਣ ਵਿਚ ਸ਼ਹੀਦ ਹੋ ਜਾਂਦਾ ਹੈ ਤਾਂ ਕਵੀ ਅਜ਼ਾਦ ਬੜੇ ਦਿਲ-ਟੁੰਭਵੇਂ ਸ਼ਬਦਾਂ ਵਿਚ ਦਸ਼ਮੇਸ਼ ਜੀ ਦੇ ਜਜ਼ਬਾਤ ਪੇਸ਼ ਕਰਦਾ ਹੈ :—

"ਸਾਈਆਂ ! ਮੇਰੇ ਲਾਲ ਵੀ ਹੋ ਗਏ ਪਿਆਰੇ,
ਮਿਲੀ ਅਮਾਨਤ ਸੌਂਪਨਾ, ਝੁਕ ਤੇਰੇ ਦਵਾਰੇ,
ਕੀਤੀ ਨਹੀਂ ਮਹਿਮਾਨਗੀ, ਕਰਜ਼ੇ ਅੱਜ ਤਾਰੇ,
ਸ਼ੁਕਰ ਕਿ ਤੇਰੇ ਤੋਂ ਲਈ ਜੂਝੇ ਜੋ ਝਾਰੇ,
ਮੇਰੀ ਘਾਲੀ ਘਾਲ ਨੂੰ ਨਾ ਮੀਤ ਵਿਸਾਰੇ,
ਵੱਡੇ ਸਿਰ ਤੇ ਜਾਨ ਜੋ ਉਹ ਲੱਥੇ ਭਾਰੇ,
ਲਾਏ ਲੈ ਕੇ ਨਹੀਂ ਨੇ, ਕੋਈ ਲੱਪੇ ਲਾਰੇ,
ਰੱਖੀਂ ਆਪਣੀ ਮਿਹਰ ਤੂੰ ਇਹਨਾਂ ਤੇ ਪਿਆਰੇ ।

ਕਿੰਨਾ ਸਬਰ, ਸੰਤੋਖ ਤੇ ਰਜ਼ਾ ਦਾ ਪ੍ਰਭਾਵ ਪੈਂਦਾ ਹੈ ਇਹਨਾਂ ਸਤਰਾਂ ਤੋਂ । ਕਵੀ ਦਾ ਇਕ ਇਕ ਸ਼ਬਦ ਪਾਠਕਾਂ ਨੂੰ ਹਲੂਣਦਾ ਜਾਂਦਾ ਹੈ ।

ਇਸ ਦੁਖ ਭਰੇ ਵਾਤਾਵਰਣ ਵਿਚ ਕਵੀ ਕੁਦਰਤ ਨੂੰ ਵੀ ਲਇਆ ਉਤਾਰਦਾ ਹੈ । ਉਹ ਕੁਦਰਤ ਦਾ ਅਜੇਹਾ ਮਾਨਵੀਕਰਣ (Personification) ਕਰਦਾ ਹੈ ਕਿ ਕੁਦਰਤ ਵੀ ਇਸ ਕਰੁਣ-ਦ੍ਰਿਸ਼ ਨੂੰ ਦੇਖ ਕੇ ਜਨਤਾ ਦੇ ਦੁਖ ਵਿਚ ਸਾਂਝੀਵਾਲ ਬਣ ਜਾਂਦੀ ਹੈ— ਪ੍ਰਕ੍ਰਿਤੀ ਦਾ ਕਣ ਕਣ ਅੱਥਰੂ ਵਹਾਂਦਾ ਹੈ :—

ਵੇਖ ਨਜ਼ਾਰੇ ਦੁਖ ਭਰੇ, ਸੂਰਜ ਗਇਆ ਏ ਡੁਬ,
ਸੁਰਮੇ ਰੰਗਾ ਹੋ ਗਇਆ, ਝੁਕ ਅੰਬਰ ਦਾ ਕੁੱਬ ।

ਡਲ੍ਹ ਡਲ੍ਹ ਤਾਰੇ ਡਲਕ ਪਏ, ਹੰਝੂ ਕੇਰਨ ਨੈਣ,
ਪੌਣ ਏ ਪੌਂਦੀ ਜਾਪਦੀ, ਪਿਟ ਪਿਟ ਸੀਨਾ ਵੈਣ।

ਅਨੰਦਪੁਰ ਦੀ ਲੜਾਈ ਦੀ ਤਸਵੀਰ ਜੋ ਸਿਰਖੰਡੀ ਛੰਦ ਵਿਚ ਹੈ, ਬੀਰ-ਰਸ ਦਾ ਇਕ ਉੱਤਮ ਨਮੂਨਾ ਪੇਸ਼ ਕਰਦੀ ਹੈ —

ਅਹੁ ਸੂਤੀ ਤਲਵਾਰ, ਯੋਧਾ ਨੱਚਿਆ,
ਹੁੰਦੀ ਸੈ ਸੈ ਪਾਰ ਇਕ ਇਕ ਵਾਰ ਤੋਂ
ਗੁੱਜਰ ਬਣ ਤੂਫ਼ਾਨ, ਜੋ ਸਨ ਗਰਜਦੇ,
ਵੇਖੇ ਪਿਆ ਜਹਾਨ ਪਿੱਠ ਵਢਾ ਰਹੇ।
ਰੰਘੜ ਕੈੜ ਜਵਾਨ, ਵਾਂਗੂ ਹਾਥੀਆਂ,
ਚੰਗੀ ਤਕੜੀ ਜਾਨ, ਵੱਡੇ ਸੂਰਮੇ,
ਪਏ ਜਾਂ ਬਰਛੇ ਤਾਣ ਬਾਸ਼ਕ ਕੰਬਿਆ,
ਤੇਗ਼ ਜਦੋਂ ਨਚਾਣ ਸੂਰਜ ਜਾ ਲੁਕੇ।

ਸਾਮਾਜ ਦੀਆਂ ਕਾਣੀਆਂ ਵੰਡਾਂ, ਜਾਤ-ਪਾਤ ਦਾ ਕੋਹੜ ਦੂਰ ਕਰ ਕੇ ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ ਤੇ ਸਾਂਝੀਵਾਲਤਾ ਦਾ ਉਹ ਆਦਰਸ਼ ਸਾਹਮਣੇ ਰਖਿਆ, ਜੋ ਜੁਗਾਂ-ਜੁਗਾਂਤਰਾਂ ਤਕ ਕਾਇਮ ਰਹੇਗਾ ਤੇ ਇਹ ਸੰਦੇਸ਼ ਕਵੀ ਨੇ ਕਿੰਨੀ ਸੁਚੱਜੀ ਤੇ ਰਸ-ਭਰੀ ਬੋਲੀ ਵਿਚ ਅੰਕਿਤ ਕੀਤਾ ਹੈ, ਦੇਖੋ :—

"ਕੋਈ ਵੀ ਵੰਡ ਵਿਤਕਰਾ ਸਕੇ ਨਾ ਤੁਹਾਨੂੰ ਚੀਰ,
ਅਹਿ ਜੱਟ, ਅਹਿ ਤਰਖਾਣ ਏ, ਅਹੁ ਨਾਈ ਅਹੁ ਝੀਰ।
ਇਹ ਭਈ ਨਾਮਾ ਬੰਸੀਆ, ਅਹੁ ਕੋਈ ਭਗਤ ਕਬੀਰ,
ਅਹਿ ਚੁਮਾਰ, ਲੋਹਾਰ ਅਹੁ, ਅਹਿ ਬ੍ਰਹਿਮਣ ਉਹ ਵੈਸ਼,
ਇਹ ਸ਼ੂਦਰ ਠਠਿਆਰ ਏ, ਅਹੁ ਕੋਈ ਮਹਾਂ ਨਰੇਸ਼,
ਇਹ ਵਿਥਾਂ ਹੁਣ ਰਹਿਣ ਨਾ, ਕੁਲ ਵੰਡਾਂ ਮਿਟ ਜਾਣ,
ਹਰ ਇਕ ਨੂੰ ਕਰਣੀ ਉੱਤੇ ਹਰਦਮ ਹੋਵੇ ਮਾਣ।

ਗੁਰੂ ਜੀ ਦਾ ਅੰਤਮ ਸਨੇਹਾ, ਕਵੀ ਅਜ਼ਾਦ ਦੀ ਕਲਾ ਦਾ ਮਹਾਨ ਨਮੂਨਾ ਹੈ, ਜਿਸ ਵਿਚ ਕਵੀ ਦੀ ਸ਼ਬਦਾਵਲੀ, ਉਸ ਦੀਆਂ ਉਪਮਾਵਾਂ ਤੇ ਰੂਪਕ, ਸ਼ਬਦ-ਚਿਤ੍ਰ ਤੇ ਭਾਵ-ਚਿਤ੍ਰ, ਉਸ ਦੀ ਕਲਾ ਨੂੰ ਚਾਰ ਚੰਨ ਲਾਂਦੇ ਹਨ :—

ਖਾਲਸਾ ਮੇਰਾ ਰੂਪ ਹੈ ਸਦ ਖਾਲਿਸ, ਸਦ ਖ਼ਾਸ,
ਸ਼ਬਦ ਰੂਪ ਬਣ ਕਰ ਲਇਆ ਮੈਂ ਉਸ ਵਿਚ ਨਿਵਾਸ।
ਸਿਖਿਆ ਲੈ ਸਿਖ ਗੁਰੂ ਤੋਂ ਹੋ ਗਇਆ ਗੁਰੂ ਸਰੂਪ,
ਅਤਿ ਸੂਰਾ, ਸੋਹਣਾ, ਸਬਲ, ਉਜਲ, ਅਮਰ, ਅਨੂਪ।

ਹਾਂ ਇਹ ਮੇਰੇ ਹੁਨਰ ਦੀ ਸਦ-ਜੀਉਂਦੀ ਤਸਵੀਰ,
ਇਸ ਜਗ ਅੰਦਰ ਖਾਲਸਾ, ਵੱਡ ਗਿਆਨੀ, ਵੱਡ ਵੀਰ ।

ਮਸਤਾਂ ਅੰਦਰ ਮਸਤ ਹੈ, ਸੱਚਾ ਮਸਤ ਮਲੰਗ,
ਸੱਚ ਲਈ ਕਰਦਾ ਰਹੇ ਅੰਦਰ ਬਾਹਰ ਜੰਗ ।

ਇਸ ਦੇ ਰੂਪ ਜਵਾਨ ਨੇ ਕੀਤੀ ਧਰਤ ਜਵਾਨ,
ਮਾਣ ਹੈ ਇਸ ਤੇ ਕਰ ਰਿਹਾ, ਸਾਰਾ ਜਗ ਜਹਾਨ ।

ਮੇਰਾ ਰੂਪ ਤੇ ਏਸ ਦਾ ਇੱਕੋ ਇੱਕੋ ਇਕ,
ਮੇਰੇ ਮਨ ਵਿਚ ਰੱਬ ਦੀ ਜਾਂ ਸਿੰਘਾਂ ਦੀ ਸਿਕ ।

ਦਿਲ ਦੀ ਧੜਕਣ ਵਿਚ ਮੈਂ ਕਰਦਾ ਹਾਂ ਪ੍ਰਤੀਤ,
ਇਹ ਮੇਰਾ ਸੁਰਜੀਤ ਹੈ, ਇਹ ਮੇਰਾ ਜਗਜੀਤ ।

ਜੈ ਜੈ ਜੈ ਜਨ ਸ਼ਕਤੀਏ, ਜੈ ਜੈ ਜੈ ਕਰਤਾਰ,
ਤੇਰੇ ਇਸ ਮਹਾਵੀਰ ਨੂੰ ਨਮੋ ਨਮੋ ਲੱਖ ਵਾਰ ।

ਮਰਦ-ਅਗੰਮੜਾ ਨਿਸੰਦੇਹ ਇਕ ਉੱਚ ਦਰਜੇ ਦਾ ਮਹਾਂਕਾਵਿ ਹੈ ।

ਵਿਸ਼ਵ ਨੂਰ— ਅਵਤਾਰ ਸਿੰਘ ਅਜ਼ਾਦ ਦੇ ਹੀ ਕਲਮ ਤੋਂ ਲਿਖਿਆ ਗਇਆ ਦੂਸਰਾ ਮਹਾਂਕਾਵਿ 'ਵਿਸ਼ਵ-ਨੂਰ' ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿਤ੍ਰ ਨੂੰ ਬਿਆਨ ਕੀਤਾ ਗਇਆ ਹੈ । ਮਰਦ ਅਗੰਮੜਾ ਜਿੱਥੇ ਬੀਰ-ਰਸੀ ਮਹਾਂਕਾਵਿ ਸੀ, ਉੱਥੇ 'ਵਿਸ਼ਵ-ਨੂਰ' ਸ਼ਾਂਤ-ਰਸ ਦਾ ਸੰਚਾਰ ਕਰਨ ਵਾਲਾ ਗ੍ਰੰਥ ਹੈ, ਜਿਸ ਨੂੰ ਪੂਰਨ ਕਰਣ ਲਈ ਕਵੀ ਨੂੰ ਅੱਠ ਸਾਲਾਂ ਦੀ ਕਠਿਨ ਤਪੱਸਿਆ ਕਰਨੀ ਪਈ ਹੈ । ਇਸ ਦੇ ਵਿਸ਼ਯ ਨੂੰ ਕਵੀ ਦੇ ਆਪਣੇ ਸ਼ਬਦਾਂ ਵਿਚ ਪੇਸ਼ ਕੀਤਾ ਗਇਆ ਹੈ :— "ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਸਰਵ-ਗੁਣ ਸੰਪਨੰ ਪਰਮ-ਵਿਅਕਤੀ ਨੂੰ ਰੂਪਮਾਨਿਆ ਗਇਆ ਹੈ । ਉਹਨਾਂ ਦੇ ਜੀਵਨ ਵਿੱਚੋਂ ਸਾਡੇ ਮਨੁੱਖ ਸਾਮਾਜ ਲਈ ਦਇਆ ਦਾ, ਤਰਸ ਦਾ ਅਤੇ ਸੁਹਿਰਦਤਾ ਦੇ ਗਰਮ ਜੋਸ਼ ਵਿਚ ਦ੍ਰਵ ਦ੍ਰਵ ਪੈਣ ਦਾ ਅਸਚਰਜ ਉਤਸਾਹ ਪ੍ਰਗਟ ਹੋ ਹੋ ਪੈਂਦਾ ਹੈ ।"

ਇਹ ਰਚਨਾ ਚੌਪਈ ਤੇ ਕੋਰੜਾ ਛੰਦ ਵਿਚ ਹੈ, ਪਰ ਕਿਤੇ ਕਿਤੇ ਦੂਸਰੇ ਛੰਦ ਜਿਵੇਂ : ਝੂਲਨਾ, ਦੋਹਾ, ਦਵੱਈਆ ਅਤੇ ਸਿਰਖੰਡੀ ਆਦਿ ਵੀ ਵਰਤੇ ਹਨ । ਛੰਦ ਦਾ ਤੋਲ ਪੂਰਾ ਸੂਰਾ ਹੈ ।

ਅਰੰਭ ਮੰਗਲਾਚਰਣ ਨਾਲ ਹੁੰਦਾ ਹੈ ਤੇ ਫਿਰ ਗੁਰੂ ਨਾਨਕ ਆਗਮਨ, ਬਾਲ-ਚੋਜ, ਪਾਂਧੇ ਪਾਸ ਜਾਣਾ, ਅਚਰਜ ਕੌਤਕ ਵਿਖਾਣੇ, ਹਿੰਦੂ ਮੁਸਲਮਾਨਾਂ ਨੂੰ

ਮਹਾਨ ਉਪਦੇਸ਼ ਦੇਣੇ, ਨਾਥ ਜੋਗੀਆਂ ਨੂੰ ਸਹੀ ਰਸਤਾ ਦਸਣਾ, ਠਗਾਂ ਤੇ ਪਖੰਡੀਆਂ ਨੂੰ ਸੋਧਣਾ ਆਦਿ ਨੂੰ ਬਿਆਨਦਾ ਹੋਇਆ ਕਵੀ ਗੁਰੂ ਜੀ ਦੀਆਂ ਉਦਾਸੀਆਂ ਤੇ ਫਲਸਫੇ ਨੂੰ ਪ੍ਰਗਟਾਉਂਦਾ ਹੈ।

ਸਾਰੇ ਕਾਵਿ ਵਿਚ ਗੁਰੂ ਨਾਨਕ ਦੇਵ ਜੀ ਦੀ ਅਮਰ ਸ਼ਖਸੀਅਤ ਦੀ ਰਸ-ਭਿੰਨੀ ਸੁਗੰਧ ਆਉਂਦੀ ਪ੍ਰਤੀਤ ਹੁੰਦੀ ਹੈ। ਸ਼ਾਂਤੀ ਦਾ ਅਜਿਹਾ ਵਾਤਾਵਰਣ ਉਤਪੰਨ ਕੀਤਾ ਹੈ ਕਿ ਪਾਠਕ ਬਦੋ-ਬਦੀ ਨਾਮ-ਰਸ ਵਿਚ ਰੱਤਾ, ਰੂਹਾਨੀਅਤ ਦਾ ਅਗੰਮੀ ਅਨੰਦ ਮਾਣਨ ਲੱਗ ਪੈਂਦਾ ਹੈ। ਪਾਪਾਂ ਵਿਕਾਰਾਂ ਤੇ ਮਾਇਆ ਦੀ ਅਗਨੀ ਵਿਚ ਝੁਲਸਦੇ ਉਸ ਵੇਲੇ ਦੇ ਲੋਕਾਂ ਨੂੰ ਗੁਰੂ ਨਾਨਕ ਦੀ ਸ਼ਖਸੀਅਤ ਤੇ ਬਾਣੀ ਸੀਤਲਤਾ ਪ੍ਰਦਾਨ ਕਰਦੀ ਹੈ, ਸਦੀਵੀ ਸ਼ਾਂਤੀ ਬਖਸ਼ਦੀ ਹੈ। ਤੇ ਅਜੇਹੇ ਮਹਾਨ ਗੁਰੂ ਦੇ ਜੀਵਨ ਨੂੰ ਚਿਤ੍ਰਣ ਵਿਚ ਉਨੀ ਹੀ ਮਹਾਨ ਕਲਾ ਦੀ ਲੋੜ ਹੈ, ਜੋ ਅਵਤਾਰ ਸਿੰਘ ਵਿਚ ਮੌਜੂਦ ਹੈ।

ਬਾਲ-ਚੋਜ ਦਾ ਦ੍ਰਿਸ਼ ਅੱਖਾਂ ਸਾਹਵੇਂ ਬਾਲ-ਨਾਨਕ ਦੀ ਅਨੁਪਮ ਛਬੀ ਨੂੰ ਸਾਕਾਰ ਕਰਦਾ ਹੈ:—

"ਛੇਤੀ ਬਹਿਣਾ ਸਿਖ ਗਏ, ਰਿੜ੍ਹਨ ਲਗ ਪਏ ਫੇਰ
ਮਿਠੀਆਂ ਕਿਲਕਾਂ ਮਾਰਦੇ, ਹੁੰਦੀ ਜਦੋਂ ਉਸ਼ੇਰ।
ਮਾਂ ਦੇ ਨੈਣੀ ਨੈਣ ਪਾ ਬੋਲਣ ਨਿੱਕੇ ਵਾਕ।
ਠਰਦੀ ਅੰਦਰੋਂ ਅੰਬੜੀ, ਜਦੋਂ ਮਾਰਦੇ ਹਾਕ।
ਫਿਰ ਕੁਝ ਵੱਡੇ ਹੋਰ ਹੁਇ ਲਚਕ ਅਦਾਵਾਂ ਨਾਲ,
ਤੁਰਦੇ ਨਾਲੇ ਬੋਲਦੇ, ਜੀਭੋਂ ਅਮੀ ਉਛਾਲ।

ਕਵੀ ਦੀ ਕਲਾ ਸਿਖਰਾਂ ਨੂੰ ਜਾ ਛਹੁੰਦੀ ਹੈ, ਜਦੋਂ ਉਹ ਕੋਹੜੀ ਦੀ ਝੁੱਗੀ ਵਿਚ ਗਏ, ਗੁਰੂ ਜੀ ਦਾ ਉਸ ਲਈ ਪਿਆਰ ਡਲ੍ਹਕਦਾ ਦਿਖਾਂਦਾ ਹੈ। ਇੱਥੇ ਕਵੀ ਨੇ ਮਨੋਵਿਗਿਆਨਕ ਢੰਗ ਨਾਲ ਕੋਹੜੀ ਦੇ ਮਾਨਸਿਕ ਤੇ ਸਰੀਰਕ ਪ੍ਰੀਵਰਤਨ ਨੂੰ ਰੂਪਮਾਨ ਕੀਤਾ ਹੈ, ਬੋਲੀ ਵਿਚ ਕਹਿਰਾਂ ਦਾ ਸੰਜਮ ਹੈ :–

ਇਹ ਮਾਲਕ ਦੀ ਮਿਹਰ ਸੀ, ਇਹ ਮੌਲਾ ਦਾ ਪਿਆਰ
ਮੌਲਿਆ, ਵਿਗਸਿਆ, ਵੁਠਿਆ, ਇਕ ਦਮ ਖਾਏ ਹੁਲਾਰ
ਸੁਕਾ ਟੁੰਡ ਹਰਿ ਆਇਆ, ਪਤ ਝੜ ਬਣੀ ਬਹਾਰ
ਕੰਡਿਆਂ ਕਲੀਆਂ ਕੱਢੀਆਂ, ਕਰਮ ਕਰੇ ਕਰਤਾਰ।

ਇਨ੍ਹਾਂ ਸਤਰਾਂ ਵਿਚ ਆਏ ਸ਼ਬਦ-ਚਿਤ੍ਰ, ਸ਼ਬਦ-ਚਿਤ੍ਰ ਨਾ ਰਹਿ ਕੇ ਵਾਸਤਵਿਕ ਤਸਵੀਰ ਬਣ ਗਏ ਹਨ, ਓਸ ਵਿਅਕਤੀ ਦੀ ਜੋ ਨੂਰਾਨੀ ਪ੍ਰੀਤਮ ਦੀ

ਛੁਹ ਪਾ ਕੇ ਕੰਚਨ ਬਣਦਾ ਜਾ ਰਹਿਆ ਹੈ। ਅਨੁਪ੍ਰਾਸ ਦਾ ਚਮਤਕਾਰ ਵੇਖਣ ਯੋਗ ਹੈ। ਪਹਿਲੀ ਸਤਰ ਵਿਚ ਮ, ਦੂਜੀ ਵਿਚ ਣ, ਤੀਜੀ ਵਿਚ ਬ, ਤੇ ਚੌਥੀ ਵਿਚ ਕ ਦਾ ਅਨੁਪ੍ਰਾਸ ਕਵੀ ਦੀ ਉੱਚੀ ਪ੍ਰਤੀਭਾ ਦਾ ਲਖਾਇਕ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਬਰ-ਵਾਣੀ ਨੂੰ ਕਵੀ ਇਸ ਤਰ੍ਹਾਂ ਲਿਖਦਾ ਹੈ :–

ਲਾਲੋ ਨੂੰ ਸਮਝਾਂਵਦੇ, ਸੈਦ ਪੁਰਾ ਇਕ ਸ਼ਹਿਰ
ਮਾਸਪੁਰੀ ਬਣ ਜਾਵਣਾ, ਵੱਡਾ ਹੋਊ ਕਹਿਰ।
ਸਾਹਿਬ ਦੇ ਗੁਣ ਗਾਵੀਏ, ਧਰੀਏ ਓਸ ਦਾ ਧਿਆਨ,
ਮੰਗੀਏ ਉਸ ਤੋਂ ਖ਼ਲਕ ਲਈ, ਮਿਹਰਾਮਤ ਦਾ ਦਾਨ।
ਜਿਨ੍ਹੇ ਉਪਾਈ ਰੰਗਲੀ, ਬੈਠਾ ਵੇਖੇ ਵੱਖ,
ਸੱਚ ਤਪਾਵਸ, ਸੱਚ ਉਹ, ਸੱਚ ਨਿਆਂ, ਸੱਚ ਦੱਖ।

ਗੁਰੂ ਜੀ ਦੇ ਅਦੁਤੀ ਵਿਚਾਰਾਂ ਨੂੰ ਏਨੀ ਕਲਾ-ਪੂਰਤ ਬੋਲੀ ਵਿਚ ਏਸ ਸਫਲਤਾ ਨਾਲ ਉਲੀਕ ਸਕਣਾ ਕਵੀ ਅਜ਼ਾਦ ਦਾ ਹੀ ਕੰਮ ਹੈ। ਅੰਤਮ ਸੰਸਰਾਕ ਬਾਰੇ ਜਦੋਂ ਸੇਵਕਾਂ ਨੇ ਪੁਛਿਆ, ਤਾਂ ਗੁਰੂ ਜੀ ਦਾ ਜੋ ਉੱਤਰ ਕਵੀ ਨੇ ਆਪਣੀ ਕਲਮ ਰਾਹੀਂ ਪ੍ਰਗਟ ਕੀਤਾ ਹੈ, ਉਸ ਨਾਲ ਅਜ਼ਾਦ ਮਹਾਂਕਵੀ ਦੀ ਪਦਵੀ ਤੇ ਪੁਜਣ ਦਾ ਦਾਹਵੇਦਾਰ ਬਣ ਜਾਂਦਾ ਹੈ। ਦੇਖੋ :—

ਪੁਛਿਆ ਸਿਖਾਂ ਸੇਵਕਾਂ : ਹੇ ਸਰੂਪ ਨਿਰੰਕਾਰ !
'ਪਾਵਨ ਦੇਹ ਦਾ ਕਿਸ ਤਰ੍ਹਾਂ ਹੋਇ ਅੰਤਮ ਸੰਸਕਾਰ ?
ਫਰਮਾਇਆ : 'ਫੁਲ ਸੱਜਰੇ ਤੋੜ ਲਿਆਂਦੇ ਜਾਣ,
'ਸੱਜੇ ਖੱਬੇ ਰੱਖ ਦਿਓ ਹਿੰਦੂ ਮੁਸਲਮਾਨ।
'ਜਿਸ ਪਾਸੇ ਦੇ ਫੁਲ ਨਾ ਸਵੇਰ ਤੀਕ ਕੁਮਲਾਣ,
ਉਹ ਜਿਉਂ ਇੱਛਾ, ਦਬ ਦਏ, ਜਾਂ ਦਾਹੇ ਸ਼ਮਸ਼ਾਨ।"
ਇਹ ਕਹਿ ਨੈਣ ਨਸ਼ੀਲੜੇ, ਮਲਕੜੇ ਹੌਲੀ ਮੁੰਦ,
ਚਾਦਰ ਲੈ ਕੇ ਲੇਟ ਗਏ, ਸ੍ਰੀ ਨਾਨਕ ਬਖ਼ਸ਼ਿੰਦ।

ਵਿਸ਼ਵ-ਨੂਰ, ਮਹਾਂਕਾਵਿ ਦੀ ਦ੍ਰਿਸ਼ਟੀ ਤੋਂ 'ਮਰਦ-ਅਗੰਮੜਾ' ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ।

**ਮਾਲ ਵੇਂਦਰ** -- ਆਜ਼ਾਦ ਤੋਂ ਬਾਅਦ ਪੰਜਾਬੀ ਸਾਹਿਤ ਵਿਚ ਇਕ ਹੋਰ ਪ੍ਰਤੀਭਾਸ਼ਾਲੀ ਕਵੀ ਦਾ ਪ੍ਰਵੇਸ਼ ਹੁੰਦਾ ਹੈ, ਜੋ ਸਾਨੂੰ ਮਾਲਵੇਂਦਰ ਨਾਂ ਦਾ ਸਹਾਂਕਾਵਿ ਭੇਟ ਕਰਦਾ ਹੈ। ਉਹ ਹੈ ਸੰਤ ਇੰਦਰ ਸਿੰਘ ਚਕ੍ਰਵਰਤੀ। ਚਕ੍ਰਵਰਤੀ ਜੀ ਨੂੰ ਭਾਵੇਂ ਲੋਕ-ਕਵੀ ਦੇ ਤੌਰ ਤੇ ਬਹੁਤ ਘੱਟ ਜਾਣਦੇ ਹਨ, ਪਰ ਮਾਲਵੇਂਦਰ

ਦੀ ਰਚਨਾ ਨਾਲ ਉਹ ਨਾ ਕੇਵਲ ਕਵੀ, ਸਗੋਂ ਮਹਾਨਵੀ ਦੀ ਪਦਵੀ ਤੇ ਪਹੁੰਚਦੇ ਹਨ।

ਮਾਲਵੇਂਦਰ, ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਮਹਾਂਕਾਵਿ ਹੈ, ਜਿਸ ਵਿਚ ਨਾ ਕੇਵਲ ਕੂਕਾ ਲਹਿਰ ਦਾ ਪੂਰਾ ਇਤਿਹਾਸ ਅੰਕਿਤ ਹੈ, ਸਗੋਂ ਉਸ ਸਮੇਂ ਸਾਰਾ ਰਾਜਨੀਤਕ ਇਤਿਹਾਸ ਹੈ— ਕ੍ਰਾਂਤੀ ਦਾ ਇਤਿਹਾਸ, ਆਜ਼ਾਦੀ ਦੀ ਜੰਗ ਦਾ ਇਤਿਹਾਸ।

ਬਾਬਾ ਰਾਮ ਸਿੰਘ ਜੀ ਇਕ ਮਹਾਨ ਇਨਕਲਾਬੀ ਆਗੂ ਸਨ, ਜਿਨ੍ਹਾਂ ਦੇ ਕਾਰਨਾਮਿਆਂ ਉੱਤੇ ਹਰ ਭਾਰਤੀ ਨੂੰ ਫਖਰ ਹੈ ਤੇ ਇਕ ਵੱਡੀ ਖੁਸ਼ੀ ਦੀ ਗੱਲ ਹੈ ਕਿ ਅਜਿਹੇ ਮਹਾਂਪੁਰਖ ਦਾ ਜੀਵਨ-ਚਰਿਤ੍ਰ ਉਨ੍ਹਾਂ ਦੇ ਸ਼ਰਧਾਵਾਨ ਸੇਵਕ ਤੇ ਉਪਾਸ਼ਕ ਦੀ ਕਲਮ ਤੋਂ ਲਿਖਿਆ ਗਇਆ ਹੈ।

ਮਾਲਵੇਂਦਰ ੩੩ ਸਰਗਾਂ ਵਿਚ ਵੰਡਿਆ ਹੋਇਆ ਕਾਵਿ ਹੈ, ਜਿਸ ਵਿਚ ਹਰ ਸਰਗ ਦਾ ਢੁਕਵਾਂ ਸਿਰਲੇਖ ਦਿੱਤਾ ਗਇਆ ਹੈ। ਸ਼ੁਰੂ ਵਿਚ ਦਿੱਤਾ ਮੰਗਲਾਚਰਣ ਪੁਰਾਤਨ ਲੀਹਾਂ ਨੂੰ ਤਿਆਗ ਕੇ ਨਵੀਂ ਲੀਹ ਤੋਰਦਾ ਹੈ। ਇਸ ਵਿਚ ਪੰਜਾਬ ਦੀ ਧਰਤੀ ਅਤੇ ਉਥੋਂ ਦੇ ਮਹਾਂਪੁਰਖਾਂ ਦਾ ਗੁਣ ਗਾਣ ਹੈ। ਜੋ ਪ੍ਰੋ. ਪੂਰਨ ਸਿੰਘ ਵਾਂਗ ਕਵੀ ਦਾ ਦੇਸ਼-ਪ੍ਰੇਮ ਨਾਲ ਭਰਿਆ ਦਿਲ ਸਾਡੇ ਸਾਹਮਣੇ ਨੰਗਾ ਕਰਦਾ ਹੈ :—

ਦੇਸ਼ ਪੰਜਾਬ ਸੁਹਾਵਣਾ, ਦੇਸ਼ਾਂ ਦਾ ਸਰਦਾਰ
ਅੰਨ ਧੰਨ ਦੀ ਤੋਟ ਨਾ, ਰਹਿੰਦੇ ਭਰੇ ਭੰਡਾਰ
ਹਰੀ ਭਰੀ ਸਰਸਬਜ਼ ਇਹ ਧਰਤੀ ਹੈ ਇਕ ਸਾਰ
ਇਸ ਦੇ ਕਣ ਕਣ ਵਿਚ ਭਰਿਆ ਦੇਸ਼ ਪਿਆਰ
ਡੋਕੇ ਚੂੰਘ ਚੂੰਘ ਸਜਰੇ, ਕੱਦਾਵਰ ਜਿਉਂ ਸ਼ੇਰ
ਭੋਲੇ ਭਾਲੇ ਸੂਰਮੇ, ਨਿਰਛਲ ਸਖੀ ਦਲੇਰ
ਗੱਭਰੂ ਬਾਂਕੇ ਮਸ-ਭਿੰਨੇ, ਤਿੱਖੇ ਨਕਸ਼ ਨਿਗਾਰ
ਵੇਖ ਜਿਨ੍ਹਾਂ ਨੂੰ ਕਰਦੀਆਂ, ਹੂਰਾਂ ਜਾਨ ਨਸਾਰ।

ਇਸ ਮਹਾਂਕਾਵਿ ਵਿਚ ਦੋਹਿਰਾ, ਕੋਰੜਾ, ਸਿਰਖੰਡੀ, ਦਵੱਈਆ ਤੇ ਬੈਂਤ ਆਦਿ ਛੰਦ ਬੜੀ ਸੁਚੱਜਤਾ ਨਾਲ ਵਰਤੇ ਗਏ ਹਨ। ਕਵੀ ਦੀ ਬੋਲੀ ਮਾਂਜੀ, ਸਵਾਰੀ ਤੇ ਨਿਖਰੀ ਹੋਈ ਹੈ। ਵੀਰ-ਰਸ ਤੇ ਕਰੁਣਾ-ਰਸ ਦਾ ਅਮਿੱਟ ਪ੍ਰਭਾਵ ਕਵੀ ਸਾਡੇ ਤੇ ਛੱਡ ਜਾਂਦਾ ਹੈ।. ਸਤਿਗੁਰੂ ਰਾਮ ਸਿੰਘ ਦਾ ਜਲਾਵਤਨ ਹੋਣ ਦਾ ਵਰਣਨ ਝੁਣਝੁਣੀ ਛੇੜ ਦੇਂਦਾ ਹੈ :—

ਤੁਰਦਾ ਗਇਆ ਜਹਾਜ਼, ਪੁਜ ਗੰਗਾ ਸਾਗਰ ਵਿਚਕਾਰ,
ਧਰਤੀ ਦਿਸਣੋਂ ਰਹਿ ਗਈ, ਪਾਣੀ ਦਾ ਪਰਸਾਰ,

ਅੱਖੀਆਂ ਭਰ ਕੇ ਕਰ ਲਏ ਭਾਰਤ ਦੇ ਦੀਦਾਰ
ਫਿਰ ਵੇਖਣਗੇ ਕਦੋਂ ਮੁੜ, ਜਾਣੇ ਗੁਰ ਕਰਤਾਰ
ਕਿਧਰ ਨੂੰ ਲੈ ਜਾ ਰਹੇ, ਕੋਈ ਨ ਦੱਸੇ ਬਾਤ
ਜ਼ੁਲਮ ਕਰਨ ਵਿਚ ਪਾ ਰਹੇ, ਗੋਰੇ ਸਭ ਨੂੰ ਮਾਤ
ਏਹਨਾਂ ਦਾ ਗੁਨਾਹ ਸਿਰਫ਼ ਕਰਨਾ ਦੇਸ਼-ਪਿਆਰ
ਗਈ ਗੁਲਾਮੀ ਨਾ ਜਰੀ, ਜਰਿਆ ਨਾ ਅਤਿਆਚਾਰ ।

ਮਾਲਵੇਂਦਰ ਵਿਚ ਕੁਦਰਤ ਦਾ ਸਜੀਵ ਵਰਨਣ ਹੈ, ਕਹਾਣੀ ਵਿਚ ਅਟੁਟ ਇਕ-ਸੂਤਰਤਾ ਹੈ, ਅਲੰਕਾਰਾਂ ਤੇ ਛੰਦਾਂ ਦਾ ਅਪੂਰਵ ਸੰਗੀਤ ਹੈ ਬੋਲੀ ਉੱਚੇ ਪੱਧਰ ਦੀ ਹੈ ਤੇ ਇਨ੍ਹਾਂ ਗੁਣਾਂ ਸਦਕਾ ਚਕ੍ਰਵਰਤੀ ਜੀ ਦਾ ਮਾਲ ਵੇਂਦਰ ਪੰਜਾਬੀ ਦਾ ਇਕ ਸਫਲ ਤੇ ਉੱਤਮ ਮਹਾਂਕਾਵਿ ਬਣ ਗਇਆ ਹੈ।

ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਭਾਵੇਂ ਗਿਣਤੀ ਦੇ ਪੱਖੋਂ ਪੰਜਾਬੀ ਮਹਾਂਕਾਵਿ ਬਹੁਤ ਥੋੜ੍ਹੇ ਰਚੇ ਗਏ ਹਨ, ਪਰ ਗੁਣਾਂ ਦੇ ਪੱਖੋਂ ਉਨ੍ਹਾਂ ਦਾ ਮੁੱਲ ਥੋੜਾ ਨਹੀਂ। ਇਸ ਤੋਂ ਛੁਟ ਸਾਨੂੰ ਇਹ ਵੀ ਆਸ ਹੈ ਕਿ ਆਜ਼ਾਦ ਅਤੇ ਚਕਰਵ੍ਰਤੀ ਜੀ ਵਾਂਗ ਦੂਸਰੇ ਪ੍ਰਸਿੱਧ ਕਵੀ ਵੀ ਮਹਾਂਕਾਵਿ ਦੇ ਸਫ਼ਲ ਤਜਰਬੇ ਨੇੜ-ਭਵਿਸ਼ ਵਿਚ ਕਰਨਗੇ।


ਆਲੋਚਨਾ ਲਈ

**ਆਪਣੇ ਬਹੁ-ਮੁੱਲੇ ਲੇਖ**

ਭੇਜ ਕੇ

**ਮਾਤ-ਭਾਸ਼ਾ ਪੰਜਾਬੀ**

ਦੀ ਸੇਵਾ ਕਰੋ

ਹਰਬੰਸ ਬਰਾੜ—

# ਸਮਾਜਵਾਦੀ ਯਥਾਰਥਵਾਦ

ਅਤੇ

# ਆਧੁਨਿਕ ਪੰਜਾਬੀ ਸਾਹਿੱਤ

( ਲੜੀ ਜੋੜਨ ਲਈ ਵੇਖੋ ਮਾਰਚ ਦਾ ਅੰਕ )

ਸਮੁੱਚੇ ਤੌਰ ਤੇ ਆਧੁਨਿਕਤਮ ਪੰਜਾਬੀ ਕਵਿਤਾ ਵਿਚ ਸਮਾਜਵਾਦੀ ਯਥਾਰਥਵਾਦ ਦਿਨ ਬਦਿਨ ਨਿੱਖਰ ਰਹਿਆ ਹੈ ਅਤੇ ਨਵੇਂ ਕਵੀਆਂ ਦੀਆਂ ਰਚਨਾਵਾਂ ਪੜ੍ਹ ਕੇ ਇਸ ਗੱਲ ਤੇ ਹੋਰ ਵੀ ਪਕੇਰਾ ਵਿਸ਼ਵਾਸ ਬਝ ਰਹਿਆ ਹੈ।

ਪੰਜਾਬੀ ਉਪਨਿਆਂਸ ਵਿਚ ਸਾਮਾਜਿਕ ਸਮੀਸਿਆਵਾਂ ਨੂੰ ਚਿਤ੍ਰਨ ਵਾਲਾ ਸਭ ਤੋਂ ਪਹਿਲਾ ਉਪਨਿਆਸਕਾਰ ਨਾਨਕ ਸਿੰਘ ਹੀ ਹੈ । ਇਸ ਤੋਂ ਪਹਿਲਾਂ ਭਾਈ ਵੀਰ ਸਿੰਘ ਦੇ ਭਾਵੇਂ ਕਈ ਉਪਨਿਆਸ 'ਸੁੰਦਰੀ', 'ਸਤਵੰਤ ਕੌਰ', 'ਬਿਜੈ ਸਿੰਘ', 'ਨੌਧ ਸਿੰਘ' ਆਦਿ ਪੰਜਾਬੀ ਦੇ ਉਪਨਿਆਸ ਖੇਤਰ ਵਿਚ ਆਏ ਹਨ, ਪਰ ਇਨ੍ਹਾਂ ਉਪਨਿਆਸਾਂ ਵਿਚ ਯਥਾਰਥਕ ਤੌਰ ਤੇ ਸਾਮਾਜਿਕ ਸਮੱਸਿਆਵਾਂ ਨੂੰ ਨਹੀਂ ਲਇਆ ਗਇਆ। ਭਾਈ ਵੀਰ ਸਿੰਘ ਦੇ ਉਪਨਿਆਸਾਂ ਵਿੱਚ ਨਾਟਿਕ ਕੋਈ ਸਾਧਾਰਣ ਮਨੁੱਖ ਨਹੀਂ ਹੁੰਦੇ, ਸਗੋਂ ਉਹ ਆਪਣੇ ਨਾਇਕ ਜਾਂ ਨਾਇਕਾ ਨੂੰ ਧਾਰਮਿਕ ਰੰਗਣ ਵਿਚ ਪੇਸ਼ ਕਰ ਕੇ ਸਾਡੇ ਆਮ ਵਿਚਰ ਰਹੇ ਜੀਵਨ ਨਾਲੋਂ ਵਖਰਾ ਜਿਹਾ ਬਣਾ ਦੇਂਦਾ ਹੈ। ਉਹ ਆਪਣੇ ਨਾਇਕ ਜਾਂ ਨਾਇਕਾ ਵਿਚ ਕੋਈ ਗੈਬੀ ਤਾਕਤ ਜੇਹੀ ਭਰ ਦੇਂਦਾ ਹੈ, ਜਿਹੜੀ ਕਿ ਉਸ ਨੂੰ ਵਾਸਤਵਿਕ ਜੀਵਨ ਤੋਂ ਪਰੇਡੇ ਲੈ ਜਾਂਦੀ ਹੈ। ਸੋ ਭਾਈ ਵੀਰ ਸਿੰਘ ਦੇ ਉਪਨਿਆਸਾਂ ਵਿਚ ਸਮਾਜਵਾਦੀ ਯਥਾਰਥਵਾਦ ਤਾਂ ਕੀ ਹੋਣਾ ਸੀ, ਉਨ੍ਹਾਂ ਵਿਚ ਤਾਂ ਸਾਮਾਜਿਕ ਜੀਵਨ ਦੇ ਉਪਰਲੇ ਜੇਹੇ ਪੱਧਰ ਦਾ ਵੀ ਯਥਾਰਥਵਾਦ ਨਹੀਂ ਹੈ । ਉਹ ਆਪਣੇ ਉਪਨਿਆਸਾਂ ਦੇ ਵਸਤੂ ਨੂੰ ਪਰੰਪਰਾਵਾਦ ਤੋਂ ਅਗੇਰੇ ਨਹੀਂ ਲਿਜਾ ਸਕਿਆ। ਭਾਈ ਵੀਰ ਸਿੰਘ ਭਾਵੇਂ ਆਧੁਨਿਕਤਮ ਕਾਲ ਦਾ ਉਪਨਿਆਸਕਾਰ ਹੈ, ਪਰ ਉਸ ਦੇ ਨਾਵਲਾਂ ਵਿੱਚ ਆਧੁਨਿਕ ਕਾਲ ਦੀਆਂ ਸਾਮਾਜਿਕ ਸਮੱਸਿਆਵਾਂ ਬਾਰੇ ਕੋਈ ਗੱਲ ਲੱਭਣੀ ਔਖੇਰੀ ਹੈ।

ਪੰਜਾਬ ਦੇ ਇਤਿਹਾਸ ਵਿਚ ਸਿੰਘ ਸਭਾ ਲਹਿਰ ਖਾਸ ਮਹੱਤਤਾ ਰਖਦੀ ਹੈ ਅਤੇ ਇਸ ਲਹਿਰ ਨੇ ਪੰਜਾਬੀ ਸਾਹਿੱਤਕਾਰਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ ਹੈ । ਨਾਨਕ ਸਿੰਘ ਉਪਨਿਆਸਕਾਰ ਦਾ ਵੀ ਸੰਬੰਧ ਇਸ ਲਹਿਰ ਨਾਲ ਬਹੁਤ ਜੁੜਿਆ ਰਹਿਆ ਹੈ ਅਤੇ ਇਹੋ ਹੀ ਕਾਰਨ ਹੈ ਕਿ ਉਸ ਨੇ ਆਪਣੇ ਉਪਨਿਆਸਾਂ ਵਿਚ ਵੀ ਗੁਰਦਵਾਰਿਆਂ ਵਿਚ ਹੁੰਦੇ ਐਬਾਂ, ਸਾਧੂ ਸੰਤਾਂ ਦੇ ਪਖੰਡਾਂ, ਵਿਆਹ ਸ਼ਾਦੀਆਂ ਦੀਆਂ ਕੁਰੀਤੀਆਂ ਅਤੇ ਹੋਰ ਸਾਮਾਜਿਕ ਬੁਰਿਆਈਆਂ ਦੇ ਸੁਧਾਰ ਬਾਰੇ ਜ਼ਿਕਰ ਕਰਦਾ ਆ ਰਹਿਆ ਹੈ, ਪਰ ਉਸ ਦੇ ਇਹੋ ਸੁਧਾਰ ਕੋਈ ਬੁਨਿਆਦੀ ਨਹੀਂ ਹੁੰਦੇ ਕਿਉਂਕਿ ਨਾਨਕ ਸਿੰਘ ਸਾਮਾਜਿਕ ਸਮੱਸਿਆਵਾਂ ਨੂੰ ਗੌਰਵਤਾ ਨਾਲ ਨਹੀਂ ਵਿਚਾਰ-ਗੋਚਰੇ ਕਰਦਾ । ਉਹ ਆਪਣੇ ਪਾਤਰਾਂ ਨੂੰ ਸੀਮਤ ਜਿਹੇ ਘੇਰੇ ਵਿੱਚ ਹੀ ਰਖਦਾ ਹੈ ਅਤੇ ਉਹਨਾਂ ਦੁਆਲੇ ਆਪਣੀ ਕਹਾਣੀ ਨੂੰ ਰੋਚਕ ਬਨਾਉਣ ਲਈ ਕਈ ਪ੍ਰਕਾਰ ਦੀਆਂ ਘਟਨਾਵਾਂ ਨੂੰ ਉਸਾਰੀ ਕਰਨੀ ਅਰੰਭ ਕਰ ਦੇਂਦਾ ਹੈ । ਕਦੀ ਕਦੀ ਤਾਂ ਉਸ ਦੇ ਉਪਨਿਆਸਾਂ ਨੂੰ ਪੜ੍ਹ ਕੇ ਇਹ ਸ਼ੱਕ ਉਤਪੰਨ ਹੋ ਜਾਂਦਾ ਹੈ ਕਿ ਕੀ ਉਹ ਏਸੇ ਹੀ ਧਰਤੀ ਦੀ ਕੋਈ ਗਲ ਕਰ ਰਹਿਆ ਹੈ। ਉਦਾਹਰਣ ਵਜੋਂ ਅਸੀਂ ਉਸ ਦੇ ਉਪਨਿਆਸ 'ਪਵਿਤਰ ਪਾਪੀ' ਨੂੰ ਸਮੀਖਿਅਕ ਤੌਰ ਤੇ ਪਰਖਦੇ ਹਾਂ ਕਿ ਉਹ ਇਸ ਉਪਨਿਆਸ ਵਿੱਚ ਕਿੱਥੋਂ ਕੁ ਤਕ ਵਾਸਤਵਿਕ ਪੱਖ ਤੋਂ ਯਥਾਰਥਕ ਰਹਿਆ ਹੈ ।

'ਪਵਿਤਰ ਪਾਪੀ' ਨਾਨਕ ਸਿੰਘ ਦਾ ਇਕ ਅਜਿਹਾ ਉਪਨਿਆਸ ਹੈ, ਜਿਸ ਵਿਚ ਕਿ ਯਥਾਰਥਵਾਦ ਉੱਕਾ ਹੀ ਨਹੀਂ ਹੈ। ਸਾਰੀ ਦੀ ਸਾਰੀ ਕਹਾਣੀ ਸਾਮਾਜਿਕ ਜ਼ਿੰਦਗੀ ਤੋਂ ਲਾਂਭੇ ਕਾਲਪਨਿਕ ਉਡਾਰੀਆਂ ਵਿਚ ਹੀ ਪੇਸ਼ ਕੀਤੀ ਹੋਈ ਹੈ। ਇਸ ਵਿਚ ਨਾ ਤਾਂ ਕੋਈ ਆਰਥਕ ਰਿਸ਼ਤਿਆਂ ਵਿਚਕਾਰ ਵਿਰੋਧ ਹੀ ਉਤਪੰਨ ਕੀਤਾ ਗਇਆ ਹੈ ਅਤੇ ਨਾ ਹੀ ਉਪਨਿਆਸਕਾਰ ਪਿਆਰ ਬਾਰੇ ਸੰਤੁਸ਼ਟ ਹੋ ਸਕਿਆ ਹੈ। ਕਿਦਾਰ ਜਦੋਂ ਪੰਨਾ ਲਾਲ ਦੀ ਥਾਂ ਘੜੀ ਸਾਜ਼ੀ ਦਾ ਕੰਮ ਆਰੰਭ ਕਰਨ ਲੱਗ ਜਾਂਦਾ ਹੈ ਤਾਂ ਉਪਨਿਆਸਕਾਰ ਇਸ ਨੂੰ ਪਾਪ ਇਸ ਕਰਕੇ ਸਮਝਦਾ ਹੈ ਕਿ ਕਿਦਾਰ ਨੇ ਪੰਨਾ ਲਾਲ ਦੀ ਨੌਕਰੀ ਛਡਵਾ ਦਿੱਤੀ ਹੈ। ਪੰਨਾ ਲਾਲ ਇਸੇ ਹੀ ਰੋਸ ਦਾ ਮਾਰਿਆ ਜ਼ਿੰਦਗੀ ਦੇ ਖੇਤਰ ਤੋਂ ਨੱਸ ਨਿਕਲਦਾ ਹੈ, ਪਰ ਅਸਲ ਵਿਚ ਜੇ ਗੰਭੀਰ ਹੋ ਕੇ ਇਸ ਸਮੱਸਿਆ ਤੇ ਵਿਚਾਰ-ਵਿਵਾਦ ਕੀਤਾ ਜਾਵੇ ਤਾਂ ਨੌਕਰੀ ਪੰਨਾ ਲਾਲ ਦੀ ਛਡਵਾਉਣ ਵਾਲਾ ਕਿਦਾਰ ਨਹੀਂ ਹੈ, ਸਗੋਂ ਸਮਾਜ ਦੇ ਗਲਤ ਆਰਥਿਕ ਰਿਸ਼ਤੇ ਹੀ ਹਨ। ਕਿਦਾਰ ਆਪ ਬੇਰੁਜ਼ਗਾਰ ਹੈ, ਉਹ ਭੁੱਖਾ ਮਰਦਾ ਹੋਰ ਕੀ ਕਰਦਾ ਜਾਂ ਕੀ ਉਹ ਅਜਿਹੀ ਥਾਂ ਕੰਮ ਜਾਂ ਕਰਦਾ, ਜਿਥੇ ਕਿ ਉਹ ਪੰਨਾ ਲਾਲ ਵਰਗਿਆਂ ਨੂੰ ਬੇਰੁਜ਼ਗਾਰ ਨਾ ਕਰ ਸਕਦਾ। ਪਰ ਇਹ ਗਲ ਤਾਂ ਜਿਨੇ ਸਮੇਂ ਤਕ ਗਲਤ ਆਰਥਕ ਸੰਬੰਧ ਹਨ, ਉਨੇ ਚਿਰ ਤਕ ਅਸੰਭਵ ਹੈ ।

ਆਖਰ ਕਿੰਨੇ ਕੁ ਕਿਦਾਰ ਅਜਿਹੀ ਥਾਂ ਕੰਮ ਲਭਿਆ ਕਰਣ, ਜਿੱਥੇ ਕਿ ਉਨ੍ਹਾਂ ਨੂੰ ਪੰਨਾ ਲਾਲ ਵਰਗਿਆਂ ਨੂੰ ਨਾ ਹਟਾਉਣਾ ਪਵੇ। ਭੁੱਖੇ ਮਰਦਿਆਂ ਨੂੰ ਉਨ੍ਹਾਂ ਨੂੰ ਅਜਿਹਾ ਕਰਨਾ ਹੀ ਪੈਂਦਾ ਹੈ। ਸੋ ਪੰਨਾ ਲਾਲ ਦਾ ਜੀਵਨ ਦੀਆਂ ਸਮੱਸਿਆਵਾਂ ਤੋਂ ਨੱਸ ਜਾਣਾ ਅਤੇ ਕਿਦਾਰ ਨੂੰ ਪਾਪੀ ਕਹਿਣਾ ਕਿਸੇ ਵੀ ਹਾਲਤ ਵਿਚ ਯੋਗ ਨਹੀਂ ਹੈ।

ਕਿਦਾਰ ਹਮਦਰਦੀ ਵਜੋਂ ਪੰਨਾ ਲਾਲ ਦੇ ਟੱਬਰ ਨਾਲ ਸਾਂਝ ਉਤਪੰਨ ਕਰਦਾ ਹੈ ਅਤੇ ਉਹ ਵੀਣਾ ਨੂੰ ਪਿਆਰ ਕਰਨ ਲੱਗ ਜਾਂਦਾ ਹੈ। ਉਹ ਵੀਣਾ ਨੂੰ ਪਿਆਰ ਕਰਨ ਵਿਚ ਆਪਣੇ ਆਪ ਨੂੰ ਪਾਪੀ ਸਮਝਦਾ ਹੈ ਕਿਉਂਕਿ ਵੀਣਾ ਦੀ ਮਾਂ ਨੂੰ ਉਹ ਧਰਮ ਦੀ ਮਾਂ ਸਮਝਦਾ ਹੈ, ਪਰ ਏਥੇ ਉਪਨਿਆਸਕਾਰ ਐਵੇਂ ਪਰੰਪਰਾ-ਵਾਦੀ ਗੱਲਾਂ ਵਿਚ ਉਲਝ ਗਇਆ ਹੈ। ਜਦੋਂ ਵੀਣਾ ਅਤੇ ਕਿਦਾਰ ਦਾ ਪ੍ਰੇਮ ਹੋ ਹੀ ਗਇਆ ਹੈ ਤਾਂ ਉਹਨਾਂ ਦੀ ਸ਼ਾਦੀ ਕਰਵਾਉਣ ਵਿਚ ਕਿਸੇ ਪਰਕਾਰ ਦੀ ਰੋਕ ਨਹੀਂ ਸੀ। ਕੀ ਇਸ ਪ੍ਰਕਾਰ ਦੀਆਂ ਸ਼ਾਦੀਆਂ ਆਪਣੇ ਅੱਜਵੇਂ ਸਮਾਜ ਵਿਚ ਨਹੀਂ ਹੁੰਦੀਆਂ ? ਸਗੋਂ ਅਜਿਹੀਆਂ ਸ਼ਾਦੀਆਂ ਤਾਂ ਲਾਭਵੰਦ ਹਨ। ਕਾਲਜਾਂ ਦੇ ਵਿਦਿਆਰਥੀਆਂ ਦੇ ਨਾਲ ਪੜ੍ਹਦੀਆਂ ਕੁੜੀਆਂ ਨੂੰ ਪਹਿਲੋਂ ਰਸਮੀ ਤੌਰ ਤੇ ਵਿਦਿਆਰਥੀ ਭੈਣ ਹੀ ਤਾਂ ਕਹਿੰਦੇ ਹਨ। ਮਗਰੋਂ ਜਾ ਕੇ ਜੇ ਕੋਈ ਆਪੋ ਵਿਚ ਸੱਚਾ ਪ੍ਰੇਮ ਕਰਨ ਲੱਗ ਜਾਵੇ ਤਾਂ ਫਿਰ ਉਨ੍ਹਾਂ ਨੂੰ ਸ਼ਾਦੀ ਵਾਸਤੇ ਕੀ ਇਤਰਾਜ਼ ਹੋ ਸਕਦਾ ਹੈ ? ਪਰ ਉਪਨਿਆਸਕਾਰ ਕਿਦਾਰ ਤੋਂ ਏਥੇ ਵਾਧੂ ਹੀ ਟਪਲੇ ਲਵਾਈ ਜਾਂਦਾ ਹੈ। ਫੇਰ ਵੀਣਾ ਦੇ ਸਹੁਰੇ ਕਾਫ਼ੀ ਦਹੇਜ ਮੰਗਦੇ ਹਨ ਅਤੇ ਵੀਣਾ ਦੀ ਮਾਂ ਕਰਜ਼ਾ ਵੀ ਚੁੱਕਦੀ ਹੈ, ਫਿਰ ਮੁੜ ਕੇ ਕਿਦਾਰ ਕਰਜ਼ਾ ਲੈਣ ਦੀ ਕੋਸ਼ਿਸ਼ ਕਰਦਾ ਹੈ। ਜੇ ਕਿਦਾਰ ਦੀ ਵੀਣਾ ਨਾਲ ਸ਼ਾਦੀ ਹੋ ਜਾਂਦੀ ਤਾਂ ਇਕ ਤਾਂ ਉਹ ਵਾਧੂ ਕਰਜ਼ੇ ਦੇ ਭਾਰਾਂ ਹੇਠ ਨਾ ਫੱਸਦਾ, ਦੂਜਾ ਉਹ ਇਸ ਤਰ੍ਹਾਂ ਕਰਨ ਵਿਚ ਦਹੇਜ ਮੰਗਣ ਵਾਲਿਆ ਦਾ ਮੂੰਹ ਮੋੜ ਦੇਂਦਾ। ਪਰ ਕਿਦਾਰ ਨੇ ਦਹੇਜ ਦੇ ਵਿਰੁਧ ਤਾਂ ਕੀ ਆਵਾਜ਼ ਉਠਾਉਣੀ ਸੀ ਉਹ ਤਾਂ ਦਹੇਜ ਮੰਗਣ ਵਾਲਿਆਂ ਦਾ ਸਗੋਂ ਮੂੰਹ ਹੋਰ ਖੋਲ੍ਹਦਾ ਹੈ। ਸੋ ਉਪਨਿਆਸਕਾਰ ਦਾ ਇਹ ਸੁਧਾਰ ਵੀ ਕੋਈ ਸਮਾਜਵਾਦੀ ਨਹੀਂ ਹੈ।

ਵੀਣਾ ਕਿਦਾਰ ਦੇ ਪ੍ਰੇਮ ਨਾਲੋਂ ਨਿਖੜ ਕੇ ਗ਼ਮ ਨਾਲ ਮਰ ਜਾਂਦੀ ਹੈ ਅਤੇ ਕਿਦਾਰ ਵੀ ਆਖ਼ੀਰ ਵਿਚ ਏਸੇ ਤਰ੍ਹਾਂ ਗ਼ਮ ਦਾ ਸ਼ਿਕਾਰ ਹੋ ਕੇ ਮਰ ਜਾਂਦਾ ਹੈ। ਪਰ ਇਹ ਮੌਤਾਂ ਆਧੁਨਿਕ ਸਮੇਂ ਦੀ ਕੋਈ ਅਨੁਵਾਦਨਾਂ ਨਹੀਂ ਕਰਦੀਆਂ। ਪ੍ਰੇਮੀ ਨਿਖੜ ਕੇ ਅੱਜ ਕਲ ਘੱਟ ਹੀ ਮਰਦੇ ਵੇਖੇ ਹਨ। ਉਪਨਿਆਸਕਾਰ ਨੇ ਐਵੇਂ ਬਸ ਪਾਠਕਾਂ ਦੀ ਦਿਲਚਸਪੀ ਵਧਾਉਣ ਲਈ ਅਤੇ ਉਨ੍ਹਾਂ ਦੀ ਹਮਦਰਦੀ ਜਿੱਤਣ ਲਈ ਉਨ੍ਹਾਂ ਦੀਆਂ ਮੌਤਾਂ ਕਰਵਾ ਦਿੱਤੀਆਂ ਹਨ। ਸੰਖਿਪਤ ਸ਼ਬਦਾਂ ਵਿਚ ਬਸ ਇਹੋ

ਕਹਿਣਾ ਉਚਿਤ ਹੈ ਕਿ ਉਸ ਦੇ ਇਸ ਉਪਨਿਆਸ ਵਿਚ ਯਥਾਰਥਵਾਦੀ ਅੰਸ਼ ਦਾ ਘਾਟਾ ਹੀ ਘਾਟਾ ਹੈ।

'ਚਿੱਟਾ ਲਹੂ' ਨਾਨਕ ਸਿੰਘ ਦਾ ਇਕ ਹੋਰ ਪ੍ਰਸਿਧ ਉਪਨਿਆਸ ਹੈ, ਜਿਸ ਵਿਚ ਕਿ ਉਹ ਸਮਾਜ ਦੇ ਸੁਧਾਰ ਕਰਣ ਬਾਰੇ ਗਲਤ ਸੋਚਦਾ ਹੈ। ਸਭ ਤੋਂ ਪਹਿਲਾਂ 'ਚਿੱਟਾ ਲਹੂ' ਵਿਚ ਸਾਮਾਜਿਕ ਸਮੱਸਿਆਵਾਂ ਇੰਨੀਆਂ ਹਨ ਜਿੰਨੀਆਂ ਕਿ ਆਧੁਨਿਕ ਉਪਨਿਆਸ ਵਿਚ ਲੈਣੀਆਂ ਉੱਝ ਹੀ ਯੋਗ ਨਹੀਂ ਅਤੇ ਫੇਰ ਉਹ ਜਿਸ ਪ੍ਰਕਾਰ ਦੀ ਸਮਾਜ ਦੇ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਸਾਰੀ ਦੀ ਸਾਰੀ ਵਿਅਕਤੀਤਵ ਹੋ ਕੇ ਰਹਿ ਗਈ ਹੈ। ਇਸ ਉਪਨਿਆਸ ਵਿਚ ਉਪਨਿਆਸ-ਕਾਰ ਨੇ ਪਾਤਰਾਂ ਨੂੰ ਇਨ੍ਹਾਂ ਸਾਮਾਜਿਕ ਸਮੱਸਿਆਵਾਂ ਦੀ ਵਲਗਣ ਵਿਚ ਵਲ੍ਹ ਕੇ ਸਮਾਜ ਵਿਚ ਵਿਚਰ ਰਹੇ ਸਾਧਾਰਨ ਮਨੁੱਖ ਦੀ ਜ਼ਿੰਦਗੀ ਦੇ ਯਥਾਰਥ ਨੂੰ ਵਾਸਤਵਿਕ ਪੱਖ ਤੋਂ ਨਹੀਂ ਚਿਤ੍ਰਿਆ। ਇਹ ਤਾਂ ਉਚਿਤ ਹੈ ਕਿ ਮਨੁਖ ਨੂੰ ਆਪਣੀ ਜ਼ਿੰਦਗੀ ਵਿਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਚਿੱਟਾ ਲਹੂ' ਵਿਚ ਤਾਂ ਉਪਨਿਆਸਕਾਰ ਨੇ ਸਾਮਾਜਿਕ ਸਮੱਸਿਆਵਾਂ ਨੂੰ ਲੈਣ ਲੱਗਿਆਂ ਕਮਾਲ ਹੀ ਕੀਤਾ ਹੈ। ਪਾਤਰ ਇਕ ਸਮੱਸਿਆ ਵਿਚੋਂ ਤਾਂ ਅਜੇ ਨਿਕਲੇ ਹੀ ਨਹੀਂ ਹੁੰਦੇ ਕਿ ਦੂਜੀ ਵਿੱਚ ਉਲਝ ਜਾਂਦੇ ਹਨ ਅਤੇ ਉਹਨਾਂ ਨੇ ਦੂਜੀ ਸਮੱਸਿਆ ਅਜੇ ਨਜਿੱਠੀ ਹੀ ਨਹੀਂ ਹੁੰਦੀ ਕਿ ਇੱਕ ਅਗਲੇਰੀ ਹੋਰ ਵਿੱਚ ਫੱਸ ਜਾਂਦੇ ਹਨ। ਗਲ ਕੀ ਨਾਵਲਕਾਰ ਇਸ ਤਰਾਂ ਕਰਨ ਵਿੱਚ ਸਾਧਾਰਨ ਮਨੁੱਖੀ ਜਿੰਦਗੀ ਦੀ ਯਥਾਰਥਕਤਾ ਨੂੰ ਅੰਕਤ ਹੀ ਨਹੀਂ ਕਰ ਸਕਿਆ।

ਸੁਧਾਰ ਵਾਦੀ ਪੱਖ ਤੋਂ ਵੀ ਇਸ ਉਪਨਿਆਸ ਵਿੱਚ ਭੀ ਗੌਰਵਤਾ ਨਾਲ ਤਕਣਾ ਜ਼ਰੂਰੀ ਹੀ ਭਾਸਦਾ ਹੈ। ਨਾਨਕ ਸਿੰਘ 'ਚਿਟੇਲਹੂ' ਵਿੱਚ ਸਮੁੱਚੇ ਤੌਰ ਤੇ ਕੋਈ ਵੀ ਬੁਨਿਆਦੀ ਸਮਾਜ-ਸੁਧਾਰ ਨਹੀਂ ਕਰ ਸਕਿਆ। ਗੁਰਦਵਾਰਿਆਂ ਦੇ ਸੁਧਾਰ ਬਾਰੇ, ਅਛੂਤ ਸਮੱਸਿਆ ਦੇ ਸੁਧਾਰ ਬਾਰੇ, ਵੇਸਵਾ-ਸੁਧਾਰ, ਮੁਕਦਮੇ-ਬਾਜ਼ੀ ਆਦਿ ਸੁਧਾਰ ਕਰਨ ਵਿੱਚ ਉਹ ਅਸਫਲ ਰਹਿਆ ਹੈ ਅਤੇ ਇਹਨਾਂ ਸੁਧਾਰਾਂ ਬਾਰੇ ਉਸ ਨੇ ਕੋਈ ਗੰਭੀਰ ਕਦਮ ਨਹੀਂ ਉਠਾਇਆ। ਉਸ ਨੂੰ ਸਮਾਜ-ਸੁਧਾਰ ਕਰਨ ਵਾਲਾ ਸਾਰੇ ਸਮਾਜ ਵਿੱਚੋਂ ਇਕੱਲਾ ਬਚਨ ਸਿੰਘ ਹੀ ਲਭਦਾ ਹੈ ਹੋਰ ਕੋਈ ਹੀ ਨਹੀਂ। ਏਸੇ ਤਰ੍ਹਾਂ ਜਦੋਂ ਉਹ ਅਛੂਤ-ਸੁਧਾਰ ਦੀ ਸਮੱਸਿਆ ਲੈਂਦਾ ਹੈ ਤਾਂ ਇਕੱਲੀ ਸੁੰਦਰੀ ਦੇ ਬਾਰੇ ਹੀ ਵਰਨਣ ਕਰਦਾ ਹੈ ਹੋਰ ਕਿਸੇ ਦਾ ਵੀ ਨਹੀਂ; ਜਿਵੇਂ ਕਿ ਪਿੰਡ ਵਿੱਚ ਹੋਰ ਅਛੂਤ ਵਸਦੇ ਹੀ ਨਹੀਂ ਹੁੰਦੇ ਅਤੇ ਉਨ੍ਹਾਂ ਦੀ ਸਮੱਸਿਆਵਾਂ ਪਿੰਡ ਵਿੱਚ ਹੁੰਦੀਆਂ ਹੀ ਨਹੀਂ ਹੁੰਦੀਆਂ। ਬਚਨ ਸਿੰਘ ਨੂੰ ਸਮਾਜ-ਸੁਧਾਰ ਬਾਰੇ ਲਗਣ ਲਗੀ ਤਾਂ ਹੈ, ਪਰ ਜਿਸ ਪ੍ਰਕਾਰ ਸਮਾਜ-ਸੁਧਾਰਕ ਲੋਕਾਂ ਲਈ ਹੁੰਦੇ ਹਨ, ਉਸੇ ਤਰ੍ਹਾਂ ਦਾ ਉਹ ਨਹੀਂ ਬਣ ਸਕਿਆ। ਸੁੰਦਰੀ ਦਾ ਪ੍ਰੇਮ ਹੀ ਉਸ ਦੇ ਸਮਾਜ-

ਸੁਧਾਰ ਦਾ ਮੂਲ ਅਧਾਰ ਬਣਦਾ ਹੈ ਅਤੇ ਉਹ ਇਸ਼ਕ ਤੋਂ ਅਗਾਂਹ ਲੰਘ ਕੇ ਲੋਕ-ਸਮੱਸਿਆਵਾਂ ਦੇ ਖੇਤਰ ਵਿਚ ਨਹੀਂ ਆਉਂਦਾ। ਸੋ ਨਾਨਕ ਸਿੰਘ ਇਸ ਉਪਨਿਆਸ ਵਿਚ ਵੀ ਸਮਾਜੀ ਸੁਧਾਰਾਂ ਬਾਰੇ ਗੰਭੀਰ ਹੋ ਕੇ ਨਹੀਂ ਵੇਖਦਾ ਅਤੇ ਉਹ ਇਨ੍ਹਾਂ ਨਾਵਲਾਂ ਵਿਚ ਇੰਨਾ ਚੇਤੰਨ ਨਹੀਂ ਹੋਇਆ ਕਿ ਇਨ੍ਹਾਂ ਸਮਾਜੀ ਸੁਧਾਰਾਂ ਦਾ ਸਹੀ ਹੱਲ ਉਹ ਸਮਾਜਵਾਦੀ ਦਰਸ਼ਨ ਅਨੁਕੂਲ ਲੱਭ ਸਕੇ।

ਪਰ ਅਫਸੋਸ ਦੀ ਗੱਲ ਇਹ ਹੈ ਕਿ ਨਾਨਕ ਸਿੰਘ ਆਪਣੇ ਮਗਰਲਿਆਂ ਨਾਵਲਾਂ ਵਿਚ ਵੀ ਸਮਾਜਵਾਦੀ ਯਥਾਰਥਵਾਦ ਨੂੰ ਪੂਰੀ ਤਰ੍ਹਾਂ ਨਾਲ ਨਿਭਾ ਨਹੀਂ ਸਕਿਆ। 'ਆਦਮ ਖੋਰ' ਉਪਨਿਆਸ ਵਿਚ ਉਸ ਨੇ ਸਮਾਜਵਾਦੀ ਯਥਾਰਥਵਾਦ ਨੂੰ ਚਿਤ੍ਰਣ ਦੀ ਖੇਚਲ ਤਾਂ ਜ਼ਰੂਰ ਕੀਤੀ ਹੈ, ਪਰ ਉਹ ਇਸ ਵਿਚ ਵੀ ਸਫਲਤਾ ਪ੍ਰਾਪਤ ਨਹੀਂ ਕਰ ਸਕਿਆ। ਭਾਰਤੀ ਅਤੇ ਪ੍ਰਿਤਪਾਲ ਦੇ ਕੰਮ ਨੂੰ ਉਸ ਨੇ ਸੀਮਿਤ ਜੇਹੇ ਘੇਰੇ ਵਿਚ ਹੀ ਰਖਿਆ ਹੈ। ਸਾਰੇ ਉਪਨਿਆਸ ਵਿਚ ਉਹ ਬਸ ਠਾਕਰ ਸਿੰਘ ਦੇ ਸੁਧਾਰ ਬਾਰੇ ਉਹ ਕੋਸ਼ਿਸ਼ ਕਰਦੇ ਵਿਖਾਈ ਦੇਂਦੇ ਹਨ ਅਤੇ ਹੋਰ ਸਾਮਾਜਿਕ ਸਮੱਸਿਆਵਾਂ ਨੂੰ ਉਹ ਅੱਖ ਉਹਲੇ ਹੀ ਕਰੀ ਬੈਠੇ ਹਨ। ਰਾਜਸੀ ਆਗੂਆਂ ਦਾ ਕਦੀ ਇਕ ਅੱਧ ਮਨੁੱਖ ਦੇ ਸੁਧਾਰ ਲਈ ਹੀ ਨਹੀਂ, ਮੁੱਖ ਮੰਤਵ ਹੁੰਦਾ, ਸਗੋਂ ਉਹ ਸਮਾਜ ਦੇ ਸਮੁੱਚੇ ਤੌਰ ਤੇ ਹੀ ਸੁਧਾਰ ਕਰਦੇ ਹਨ। ਉਪਨਿਆਸ ਦੇ ਅਖੀਰ ਵਿਚ ਉਪਨਿਆਸਕਾਰ ਠਾਕਰ ਸਿੰਘ ਤੋਂ ਉਸ ਦੀਆਂ ਸਾਰੀਆਂ ਭੁੱਲਾਂ ਦਾ ਪਸ਼ਚਾਤਾਪ ਕਰਵਾਉਂਦਾ ਵਿਖਾਈ ਦੇਂਦਾ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਉਹ ਇਸ ਤਰ੍ਹਾਂ ਥਾਂ ਥਾਂ ਜਾ ਕੇ ਸਮਝੌਤਾ-ਬਾਜ਼ੀਆਂ ਨਾਲ ਉਹ ਸਾਮਾਜਿਕ ਬੁਰਿਆਈਆਂ ਨੂੰ ਦੂਰ ਕਰ ਸਕਣਗੇ? ਸੋ ਇਸ ਤਰ੍ਹਾਂ ਨਾਨਕ ਸਿੰਘ ਦਾ ਇਹ ਵੀ ਉਪਨਿਆਸ ਪਹਿਲਿਆਂ ਉਪਨਿਆਸਾਂ ਵਾਂਗ ਹੀ ਸੁਧਾਰਵਾਦ ਵਲ ਹੀ ਜਾ ਮੁੜਦਾ ਹੈ ਅਤੇ ਇਸ ਵਿਚ ਪਾਠਕਾਂ ਤੇ ਕੋਈ ਕ੍ਰਾਂਤਕਾਰੀ ਪ੍ਰਭਾਵ ਨਹੀਂ ਪੈਂਦਾ। ਸੋ ਇਸ ਪ੍ਰਕਾਰ ਇਹ ਉਪਨਿਆਸ ਵੀ ਵਿਅਕਤਿਤ੍ਵ ਪੱਖ ਦਾ ਰੂਪ ਧਾਰਨ ਕਰ ਲੈਂਦਾ ਹੈ।

'ਸੰਗਮ' ਉਪਨਿਆਸ ਵਿਚ ਵੀ ਉਹ ਸਮਾਜਵਾਦੀ ਯਥਾਰਥਵਾਦ ਨੂੰ ਉਲੀਕਣ ਤੇ ਉਪਨਿਆਸ ਖੇਤਰ ਵਿਚ ਕੋਈ ਮਹੱਤਵ-ਪੂਰਨ ਭਾਗ ਨਹੀਂ ਪਾ ਸਕਿਆ। ਬਲਰਾਜ ਬੀ. ਏ. ਪਾਸ ਹੈ ਅਤੇ ਉਹ ਆਪਣੀ ਮਨ-ਮਰਜ਼ੀ ਦੀ ਨੌਕਰੀ ਭਾਲਦਾ ਹੈ। ਆਧੁਨਿਕਤਮ ਸਮੇਂ ਵਿਚ ਤਾਂ ਉਂਝ ਹੀ ਨੌਕਰੀ ਨਹੀਂ ਮਿਲਦੀ, ਪਰ ਬਲਰਾਜ ਐਵੇਂ ਇਕ ਨੌਕਰੀ ਛਡ ਕੇ ਹੋਰ ਨੌਕਰੀਆਂ ਦੀ ਭਾਲ ਵਿਚ ਖਵਾਰ ਹੁੰਦਾ ਹੈਂ। ਜੇ ਉਸ ਨੇ ਸਮਾਜ-ਸੁਧਾਰ ਹੀ ਕਰਨਾ ਸੀ ਤਾਂ ਉਸ ਲਈ ਦੋ ਰਾਹ ਖੁਲ੍ਹੇ ਸਨ। ਇਕ ਤਾਂ ਇਹ ਕਿ ਉਹ ਨੌਕਰੀ ਕਰਦਿਆਂ ਹੋਇਆਂ ਵੀ ਲੋਕਾਂ ਵਿਚ ਚੇਤੰਨਤਾ ਉਤਪੰਨ ਕਰ ਸਕਦਾ ਸੀ ਤੇ ਦੂਜਾ ਇਹ ਕਿ ਉਹ ਨੌਕਰੀ

ਛਡ ਕੇ ਲੋਕ-ਪਾਰਟੀ ਨਾਲ ਮਿਲ ਕੇ ਲੋਕ-ਸੇਵਾ ਕਰਦਾ, ਪਰ ਬਲਰਾਜ ਇਹ ਦੋਵੇਂ ਕੰਮ ਹੀ ਨਹੀਂ ਕਰਦਾ। ਅਮਲ ਦੇ ਪ੍ਰਯੋਗ ਵਿਚੋਂ ਉਹ ਨੱਸ ਕੇ ਇਹ ਕਾਲਪਨਿਕ ਖਿਆਲ ਬਣਾ ਲੈਂਦਾ ਹੈ ਕਿ ਉਹ ਮਾਸਕ-ਪੱਤਰ ਚਾਲੂ ਕਰ ਕੇ ਲੋਕਾਂ ਦੀ ਅਗਿਆਨਤਾ ਦੂਰ ਕਰੇਗਾ, ਪਰ ਮਾਸਕ-ਪੱਤਰ ਤਾਂ ਅੱਜਵੇਂ ਸਮਾਜ ਵਿਚ ਅਗੇ ਹੀ ਬਹੁਤ ਪ੍ਰਕਾਸ਼ਤ ਹੁੰਦੇ ਹਨ, ਉਹ ਆਪਣੇ ਵਿਚਾਰ ਇਨ੍ਹਾਂ ਮਾਸਕ-ਪੱਤਰਾਂ ਵਿਚ ਅੰਕਿਤ ਕਰ ਸਕਦਾ ਸੀ। ਗੱਲ ਕੀ ਉਪਨਿਆਸਕਾਰ ਨੇ ਇਸ ਨੂੰ ਵਾਧੂ ਹੀ ਭੌਂਦੂ ਜੇਹਾ ਬਣਾ ਦਿੱਤਾ ਹੈ।

ਇਸਤ੍ਰੀ ਸਮੱਸਿਆ ਨੂੰ ਹੱਲ ਕਰਨ ਲਈ ਉਪਨਿਆਸਕਾਰ ਨੇ ਕੋਈ ਗੰਭੀਰਤਾ, ਯੋਧਿਕਤਾ ਅਤੇ ਨਿਆਇ ਤੋਂ ਕੰਮ ਲਇਆ ਨਹੀਂ ਭਾਸਦਾ, ਉਹ ਇਸਤ੍ਰੀ ਸਮੱਸਿਆ ਦਾ ਹੱਲ ਬਸ ਪਤੀ ਪਤਨੀਆਂ ਦੇ ਵਿਟਾਂਦਰਿਆਂ ਤਕ ਹੀ ਸੀਮਤ ਕਰ ਦੇਂਦਾ ਹੈ, ਪਰ ਇਸਤ੍ਰੀ ਦੀ ਸਾਮਾਜਿਕ ਦਸ਼ਾ ਇੰਝ ਵਟਾਂਦਰਿਆਂ ਕਰਨ ਦੇ ਨਾਲ ਕਦਾਚਿਤ ਤੌਰ ਤੇ ਨਹੀਂ ਸੁਲਝ ਸਕਦੀ। ਇਸ ਤਰ੍ਹਾਂ ਤਾਂ ਸਗੋਂ ਇਸਤ੍ਰੀ ਦੀ ਦਸ਼ਾ ਹੋਰ ਵੀ ਭੈੜੀ ਹੋ ਜਾਵੇਗੀ, ਇਸਤ੍ਰੀ-ਸਮੱਸਿਆ ਦਾ ਵਾਸਤਵਿਕ ਸੁਲਝਾ ਇਸਤ੍ਰੀਆਂ ਦੀ ਆਪੱ ਵਿਚ ਵਿਟਾਂਦਰਤਾ ਕਰਨੀ ਨਹੀਂ ਹੈ, ਸਗੋਂ ਉਨ੍ਹਾਂ ਦੇ ਆਰਥਕ-ਸੰਬੰਧਾਂ ਨੂੰ ਠੀਕ ਕਰਨ ਵਿਚ ਹੀ ਹੋ ਸਕਦਾ ਹੈ। ਸੋ ਨਾਨਕ ਸਿੰਘ ਦੇ ਸੰਗਮ ਉਪਨਿਆਸ ਵਿਚ ਇਸਤ੍ਰੀ ਸਮੱਸਿਆ ਦਾ ਅਜੇਹੇ ਹੱਲ ਸੋਚਣੇ ਕੋਈ ਪਾਏਦਾਰ ਨਹੀਂ ਹਨ।

ਸਮਾਜਵਾਦੀ ਪੱਖ ਤੋਂ ਵੀ ਇਹ ਉਪਨਿਆਸ ਬਹੁਤ ਹੀ ਕਮਜ਼ੋਰ ਹੈ। ਚਾਹੀਦਾ ਤਾਂ ਇਹ ਸੀ ਕਿ ਉਪਨਿਆਸਕਾਰ ਉਪਨਿਆਸ ਵਿਚ ਕੁੰਦਨ ਲਾਲ ਵਰਗਿਆਂ ਦੀਆਂ ਵਾਗਾਂ ਨੂੰ ਕੱਸ ਕੇ ਰਖਦਾ ਅਤੇ ਉਹ ਪੂੰਜੀਵਾਦੀ ਸ਼੍ਰੇਣੀ ਨੂੰ ਚੇਤੰਨ ਕਰਵਾ ਦੇਂਦਾ ਕਿ ਉਹ ਆਪਣੀਆਂ ਕਾਮ-ਵਾਸ਼ਨਾ ਦੀ ਪੂਰਤੀ ਲਈ ਹੋਰਨਾਂ ਦੀਆਂ ਇਸਤ੍ਰੀਆਂ ਤੇ ਕਬਜ਼ਾ ਨਹੀਂ ਕਰ ਸਕਦੇ, ਪਰ ਨਾਨਕ ਸਿੰਘ ਨੇ ਕੀਤਾ ਸਭ ਕੁਝ ਇਸ ਦੇ ਉਲਟ ਹੀ ਹੈ। ਕੁੰਦਨ ਲਾਲ ਮਨ-ਮਰਜ਼ੀ ਨਾਲ ਲਲਿਤਾ ਨੂੰ ਘਰੋਂ ਕੱਢ ਕੇ ਬਲਰਾਜ ਦੀ ਪਤਨੀ ਤਾਰਕਾ ਨੂੰ ਆਪਣੇ ਘਰੇ ਵਸਾ ਲੈਂਦਾ ਹੈ ਅਤੇ ਉਹ ਇਸ ਤਰ੍ਹਾਂ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਬਲਰਾਜ ਜਿਹੜਾ ਕਿ ਆਪਣੇ ਆਪ ਨੂੰ ਅਗਰ-ਗਾਮੀ ਸਮਝਦਾ ਹੈ, ਕੁੰਦਨ ਲਾਲ ਵਰਗਿਆਂ ਦਾ ਉੱਕਾ ਹੀ ਵਿਰੋਧ ਨਹੀਂ ਕਰਦਾ, ਸੋ ਪੂੰਜੀਪਤ ਦਾ ਇੰਜ ਆਪਣੀ ਮਰਜ਼ੀ ਅਨੁਕੂਲ ਕੰਮ ਕਰਨਾ ਅਤੇ ਉਪਨਿਆਸਕਾਰ ਦਾ ਉਸ ਦੇ ਵਿਰੋਧ ਵਿਚ ਕੋਈ ਵੀ ਕਿਸੇ ਤਰ੍ਹਾਂ ਦਾ ਹੀਲਾ ਨਾ ਵਿਖਾਉਣਾ ਸਪਸ਼ਟ ਕਰਦਾ ਹੈ ਕਿ ਨਾਨਕ ਸਿੰਘ ਅਜੇ ਤਕ ਪੂਰੇ ਤੌਰ ਤੇ ਸਮਾਜਵਾਦੀ ਯਥਾਰਥਵਾਦ ਨੂੰ ਬਿੰਬਤ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੈ।

ਨਾਨਕ ਸਿੰਘ ਨੇ ਆਪਣੇ ਹੋਰ ਨਾਵਲਾਂ 'ਕੱਟੀ ਹੋਈ ਪਤੰਗ', 'ਆਸਤਕ-

ਨਾਸਤਕ', 'ਖੰਜਰ', 'ਪੁਜਾਰੀ' ਆਦਿ ਵਿਚ ਵੀ ਸਾਮਾਜਿਕ ਸਮੱਸਿਆਵਾਂ ਨੂੰ ਗੰਭੀਰ ਹੋ ਕੇ ਨਹੀਂ ਵਾਚਿਆ ਹੈ ਅਤੇ ਉਸ ਨੇ ਆਪਣੇ ਪਾਤਰਾਂ ਤੋਂ ਸਾਮਾਜਿਕ ਬੁਰਿਆਈਆਂ ਦੇ ਵਿਰੁਧ ਵਿਅਕਤੀਤ੍ਵ ਕਾਰਜਾਂ ਰਾਹੀਂ ਕਰਵਾਏ ਹਨ। ਦ੍ਰਿਸ਼ਟੀ-ਕੋਣ ਦੇ ਪੱਖ ਤੋਂ ਉਹ ਅਜੇ ਤਕ ਸਮਾਜਵਾਦੀ ਯਥਾਰਥਵਾਦ ਨੂੰ ਪੂਰੀ ਤਰ੍ਹਾਂ ਨਾਲ ਨਿਭਾ ਨਹੀਂ ਸਕਿਆ। ਅਜੇ ਉਸ ਦੇ ਉਪਨਿਆਸ ਬਸ ਸੁਧਾਰ-ਵਾਦੀ ਹੀ ਹੋ ਕੇ ਰਹਿ ਜਾਂਦੇ ਹਨ।

ਕਰਤਾਰ ਸਿੰਘ ਦੁੱਗਲ ਨੇ ਆਪਣੇ ਉਪਨਿਆਸ 'ਆਂਦਰਾਂ' ਵਿਚ ਸਾਮਾਜਿਕ ਜ਼ਿੰਦਗੀ ਦੇ ਯਥਾਰਥ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਉਸ ਨੂੰ ਹਰ ਇਕ ਵਸਤੂ ਨੂੰ ਗੌਹ ਨਾਲ ਵਾਚਨ ਦੀ ਆਦਤ ਹੈ, ਪਰ ਆਪਣੀ ਕਲਾ ਨੂੰ ਕਲਾ ਲਈ ਵਰਤਣ ਦਾ ਹਾਮੀ ਹੋਣ ਕਰ ਕੇ ਉਹ ਵਸਤੂਆਂ ਵਿਚ ਵਿਚਰ ਰਹੇ ਅੰਦੋਲਨਾਤਮਕ ਪੱਖ ਨੂੰ ਮੂਰਤੀ-ਮਾਨ ਨਹੀਂ ਕਰ ਸਕਿਆ, ਭਾਵੇਂ ਉਸ ਨੇ ਅੱਜ ਕੱਲ ਕਲਾ ਜ਼ਿੰਦਗੀ ਲਈ ਦੇ ਦ੍ਰਿਸ਼ਟੀਕੋਣ ਨੂੰ ਸ੍ਵੀਕਾਰ ਕਰ ਲਇਆ ਹੈ, ਪਰ 'ਆਂਦਰਾਂ' ਉਪਨਿਆਸ ਵਿਚ ਉਹ ਸਮਾਜਵਾਦੀ ਨਹੀਂ ਬਣ ਸਕਿਆ, ਸਗੋਂ ਕੇਵਲ ਯਥਾਰਥਵਾਦੀ ਹੀ ਹੋ ਕੇ ਰਹਿ ਗਇਆ ਹੈ।

ਸੁਰਿੰਦਰ ਸਿੰਘ ਨਰੂਲੇ ਦਾ 'ਦੀਨ ਅਤੇ ਦੁਨੀਆਂ' ਇਕ ਅਜਿਹਾ ਉਪਨਿਆਸ ਹੈ, ਜਿਸ ਵਿਚ ਕਿ ਕਿਸੇ ਵੀ ਪਰਕਾਰ ਦਾ ਕੋਈ ਉਘੜ ਕੇ ਉਦੇਸ਼ ਸਾਹਮਣੇ ਨਹੀਂ ਆਉਂਦਾ। ਸ਼ਾਮ ਲਾਲ ਇਕ ਗਰੀਬ ਮਜ਼ਦੂਰ ਤੋਂ ਸਰਮਾਏਦਾਰ ਕਿਵੇਂ ਬਣਦਾ ਹੈ, ਇਹ ਹੈ ਉਪਨਿਆਸਕਾਰ ਦਾ ਲਿਖਿਆ ਹੋਇਆ ਇਕ ਲੰਮਾ ਲੇਖ ਜੋ 'ਦੀਨ ਅਤੇ ਦੁਨੀਆਂ' ਉਪਨਿਆਸ ਦਾ ਵਿਸ਼ਯ-ਵਸਤੂ ਬਣਦਾ ਹੈ। ਉਪਨਿਆਸ-ਕਾਰ ਦਾ ਕਰਤੱਵ ਤਾਂ ਇਸ ਵਿਚ ਇਹ ਹੋਣਾ ਚਾਹੀਦਾ ਸੀ ਕਿ ਇਕ ਨਾਇਕ ਲੋਕ-ਜੀਵਨ ਵਿਚ ਰਹਿੰਦਾ ਹੋਣ ਕਰਕੇ ਸਾਮਾਜਿਕ ਸਮੱਸਿਆਵਾਂ ਦੇ ਸੁਲਝਾਉਣ ਦਾ ਯਤਨ ਕਰੇ, ਪਰ ਇਸ ਉਪਨਿਆਸ ਵਿਚ ਭਾਂਡਿਆਂ ਦੀ ਠੱਕ ਠੱਕ ਦੇ ਖੜਕਾਟ ਤੋਂ ਅਤੇ ਪੈਸਾ ਜੋੜਨ ਤੋਂ ਉਪ੍ਰੰਤ ਹੋਰ ਕੁਝ ਵੀ ਨਹੀਂ ਲੱਭਦਾ।

ਇਸ ਉਪਨਿਆਸ ਵਿਚ ਸੁਰਿੰਦਰ ਸਿੰਘ ਨਰੂਲਾ ਨੇ ਫਿਰਕੇਦਾਰੀ ਦੀ ਸਮੱਸਿਆ ਬਾਰੇ ਵੀ ਚਰਚਾ ਕੀਤੀ ਹੈ। ਫਿਰਕੇਦਾਰੀ ਦਾ ਕਾਰਣਾਂ ਨੂੰ ਉਸ ਨੇ ਸਾਮਾਜਿਕ ਅਸਲੀਅਤ ਵਿਚੋਂ ਨਹੀਂ ਲੱਭਿਆ, ਸਗੋਂ ਬੀਬੀ ਕਰਮੀਣ ਦੁਆਰਾ ਮਨੋਵਿਗਿਆਨਕ ਪੱਖ ਤੋਂ ਵਾਚਨ ਦੀ ਕੋਸ਼ਿਸ਼ ਕੀਤੀ ਹੈ, ਜਿਹੜੀ ਕਿ ਉੱਕਾ ਹੀ ਯਥਾਰਥਵਾਦੀ ਨਹੀਂ। ਸਮਾਜਵਾਦ ਨੂੰ ਮੂਰਤੀਮਾਨ ਕਰਣ ਲਈ ਇਸ ਉਪਨਿਆਸ ਵਿਚ ਉਪਨਿਆਸਕਾਰ ਨੇ ਆਪਣੇ ਵਲੋਂ ਕੋਸ਼ਿਸ਼ ਤਾਂ ਕੀਤੀ ਹੈ, ਪਰ ਇਸ ਵਿਚ ਉਹ ਆਪਣੇ ਆਸ਼ੇ ਨੂੰ ਨਿਭਾਉਣ ਵਿਚ ਬਿਲਕੁਲ ਹੀ ਅਸਫਲ ਰਹਿਆ ਹੈ।

ਸੁਰਿੰਦਰ ਸਿੰਘ ਨਰੂਲਾ ਦੇ ਉਪਨਿਆਸ 'ਪਿਉ-ਪੁਤਰ' ਵਿਚ ਵੀ ਸਮਾਜਵਾਦੀ ਯਥਾਰਥਵਾਦ ਦਾ ਅਭਾਵ ਹੀ ਹੈ। ਇਸ ਵਿਚ ਵੀ ਕੋਈ ਸਾਮਾਜਿਕ ਸਮੱਸਿਆ ਅਜਿਹੀ ਨਹੀਂ ਆਉਂਦੀ, ਜਿਸ ਦਾ ਹੀਰੇ ਨੂੰ ਸਾਹਮਣਾ ਕਰਨਾ ਪਇਆ ਹੋਵੇ । ਉਪਨਿਆਸ ਵਿਚ ਜਿੰਨੀਆਂ ਵੀ ਸਾਮਾਜਿਕ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ, ਹੀਰਾ ਉਨ੍ਹਾਂ ਸਾਰੀਆਂ ਤੋਂ ਹੀ ਟਲਦਾ ਰਹਿਆ ਹੈ। ਇਥੋਂ ਤਕ ਕਿ ਹੀਰੇ ਨੂੰ ਆਪਣੇ ਪਿਉ ਦਾ ਵੀ ਨਹੀਂ ਪਤਾ ਲੱਗਦਾ। ਉਪਨਿਆਸ-ਕਾਰ ਜਦੋਂ ਨਾਇਕ ਦੇ ਵਿਰੋਧੀ ਪਾਤਰਾਂ ਦੀ ਪਾਤਰ ਉਸਾਰੀ ਕਰਦਾ ਹੈ ਤਾਂ ਉਹ ਹੀਰੇ ਦੇ ਮਾਮੇ ਨੂੰ, ਨਾਨੀ ਅਤੇ ਨਾਨੇ ਨੂੰ ਅਤੇ ਬਸੰਤ ਨੂੰ ਅਤਿ ਕੋਹਜੀ ਤਰ੍ਹਾਂ ਨਾਲ ਉਲੀਕਦਾ ਹੈ। ਪਰ ਨਾਇਕ ਦੇ ਵਿਚਾਰਾਂ ਦੇ ਮੁਤਾਬਿਕ ਜਿਹੜਾ ਵੀ ਪਾਤਰ ਨਾ ਹੋਵੇ, ਜ਼ਰੂਰੀ ਨਹੀਂ ਕਿ ਉਨ੍ਹਾਂ ਦਾ ਸਭ ਕੁਝ ਹੀ ਘ੍ਰਿਣਤ ਭਰਿਆ ਹੁੰਦਾ ਹੈ। ਅਜਿਹੇ ਪਾਤਰ ਚਿਤ੍ਰਨੇ ਉਪਨਿਆਸਕਾਰ ਦਾ ਇਕ ਪੁਰਾਣੀ ਆ ਰਹੀ ਰੁਚੀ ਦਾ ਸ਼ਿਕਾਰ ਹੋਣਾ ਹੈ, ਪਾਤਰ-ਉਸਾਰੀ ਦਾ ਇਹ ਚਿਤ੍ਰਨ ਆਧੁਨਿਕਤਮ ਪਾਤਰ-ਉਸਾਰੀ ਕਰਨ ਦਾ ਖਾਸਾ ਨਹੀਂ ਹੈ। ਇਸ ਤਰ੍ਹਾਂ ਕਰਨ ਵਿਚ ਉਸ ਦਾ ਪਾਤਰਾਂ ਨਾਲ ਵੀ ਕੋਈ ਇਨਸਾਫ ਨਹੀਂ ਹੈ, ਅਤੇ ਅਜਿਹਾ ਕੁਝ ਕਰਨਾ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਵੀ ਉਚਿੱਤ ਨਹੀਂ ਹੈ।

ਅੰਮ੍ਰਿਤਾ-ਪ੍ਰੀਤਮ ਕਾਵਿਤ੍ਰੀ ਵੀ ਹੈ ਅਤੇ ਉਪਨਿਆਸਕਾਰ ਵੀ। ਜਿਸ ਪ੍ਰਕਾਰ ਉਸ ਦੀ ਕਵਿਤਾ ਵਿਚ ਅਜੇ ਸਮਾਜਵਾਦੀ ਯਥਾਰਥਵਾਦ ਦਾ ਚਿਤ੍ਰਣ ਪੂਰੀ ਤਰ੍ਹਾਂ ਨਾਲ ਉਘੜ ਨਹੀਂ ਸਕਿਆ, ਉਸੇ ਪ੍ਰਕਾਰ ਉਹ ਆਪਣੇ ਉਪਨਿਆਸਾਂ 'ਅਸ਼ੂ', 'ਅਲੂਣਾ', 'ਡਾਕਟਰ ਦੇਵ' ਆਦਿ ਵਿਚ ਵੀ ਸਮਾਜਵਾਦੀ ਯਥਾਰਥਵਾਦ ਦੇ ਦ੍ਰਿਸ਼ਟੀਕੋਣ ਨੂੰ ਅੰਕਿਤ ਨਹੀਂ ਕਰ ਸਕੀ। ਉਹ ਨਾਨਕ ਸਿੰਘ ਵਾਂਗੂ ਸਾਮਾਜਿਕ ਸਮੱਸਿਆਵਾਂ ਦਾ ਸੁਲਝਾ ਵਿਅਕਤੀਤ੍ਵ ਪੱਖ ਤੋਂ ਹੀ ਕਰਦੀ ਹੈ। ਉਸ ਦੇ ਪਾਤਰ ਰੁਮਾਂਸਕਤਾ ਵਿਚ ਉਲਝੇ ਹੁੰਦੇ ਹਨ ਅਤੇ ਅੰਮ੍ਰਿਤਾ ਉਨ੍ਹਾਂ ਨੂੰ ਕਾਵਿ-ਸ਼ੈਲੀ ਰਾਹੀਂ ਮੂਰਤੀਮਾਨ ਕਰਦੀ ਰਹਿੰਦੀ ਹੈ। ਪਰ ਇਸ ਤਰ੍ਹਾਂ ਕਰਨ ਵਿਚ ਉਹ ਯਥਾਰਥਕਤਾ ਤੋਂ ਵੀ ਪਰੇ ਹੱਟ ਜਾਂਦੀ ਹੈ। ਅੰਮ੍ਰਿਤਾ-ਪ੍ਰੀਤਮ ਦੇ ਵਿਚਾਰਾਂ ਵਿਚ ਅਜੇ ਸਮਾਜ-ਵਾਦੀ ਅੰਸ਼ ਰਚਤ ਨਹੀਂ ਹੋ ਸਕਿਆ, ਇਸ ਕਰ ਕੇ ਉਹ ਅਜੇ ਸਮਾਜਵਾਦੀ ਯਥਾਰਥਵਾਦ ਨੂੰ ਰੂਪਮਾਨ ਨਹੀਂ ਕਰ ਸਕਦੀ।

ਸਮਾਜਵਾਦੀ ਯਥਾਰਥਵਾਦ ਨੂੰ ਪੰਜਾਬੀ ਉਪਨਿਆਸ ਵਿਚ ਚਿਤ੍ਰਣ ਵਾਲਾ ਪਹਿਲਾ ਉਪਨਿਆਸਕਾਰ ਜੇ ਹੈ ਤਾਂ ਜਸਵੰਤ ਸਿੰਘ ਕੰਵਲ ਹੀ ਹੈ । ਇਹ ਉਪਨਿਆਸਕਾਰ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਬੜੇ ਗੌਰਵ ਨਾਲ ਗੰਭੀਰ ਹੋ ਕੇ ਵਿਵੇਚਣ ਕਰਦਾ ਹੈ। ਦ੍ਰਿਸ਼ਟੀਕੋਣ ਦੇ ਪੱਖ ਤੋਂ ਇਹ ਉਪਨਿਆਸਕਾਰ ਪ੍ਰਗਤੀਵਾਦੀ ਹੈ ਅਤੇ ਸਮਾਜਵਾਦ ਦਾ ਹਾਮੀ ਹੈ। ਉਹ ਸਾਮਾਜਿਕ ਸਮੱਸਿਆਵਾਂ

ਦਾ ਕਾਰਨ ਆਰਥਕਤਾ ਦੇ ਗਲਤ ਰਿਸ਼ਤਿਆਂ ਨੂੰ ਦਰਸਾਉਂਦਾ ਹੈ ਅਤੇ ਉਹ ਉਨ੍ਹਾਂ ਨੂੰ ਉਪਰਲੇ ਪੱਧਰ ਤੋਂ ਨਹੀਂ ਬਿੰਬਦਾ, ਸਗੋਂ ਉਨ੍ਹਾਂ ਦੇ ਵਿਚ ਉਹ ਅੰਦੋਲਨਾਤਮਕ ਪੱਖ ਨੂੰ ਵੀ ਵਿਚਾਰ ਗੋਚਰੇ ਕਰਦਾ ਹੈ। ਨਾਨਕ ਸਿੰਘ ਦੇ ਉਪਨਿਆਸਾਂ ਵਾਂਗੂੰ ਭਾਵੇਂ ਉਸ ਦੇ ਪਹਿਲਿਆਂ ਉਪਨਿਆਸਾਂ ਵਿਚ ਰੁਮਾਂਸਕਤਾ ਅਧਿਕ ਹੈ, ਪਰ ਉਹ 'ਪੂਰਨਮਾਸ਼ੀ' ਵਿਚ ਵਧੀਕ ਹੀ ਯਥਾਰਥਵਾਦੀ ਰਹਿਆ ਹੈ। 'ਰਾਤ ਬਾਕੀ ਹੈ' ਉਸ ਦਾ ਇਹ ਉਪਨਿਆਸ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਲਿਖਿਆ ਗਇਆ ਹੈ। ਇਸ ਉਪਨਿਆਸ ਵਿਚ ਉਹ ਕੁਝ ਵਧੀਕ ਹੀ ਸਿਧਾਂਤਵਾਦੀ ਹੋ ਗਇਆ ਹੈ ਅਤੇ ਇਹੋ ਕਾਰਣ ਹੈ ਕਿ ਉਹ ਸਿਧਾਂਤਕ ਪੱਖ ਨੂੰ ਅੰਕਿਤ ਕਰਦਾ ਕਰਦਾ ਯਥਾਰਥਵਾਦ ਵਲੋਂ ਥਿੜਕ ਗਇਆ ਹੈ। ਉਸ ਨੇ ਇਕ ਲੋਕ-ਵਰਕਰ ਦੀ ਜਿਸ ਤਰ੍ਹਾਂ ਕਿ ਆਧੁਨਿਕ ਸਮੇਂ ਵਿਚ ਲੋਕ-ਵਰਕਰ ਆਪਣਾ ਕੰਮ ਕਰਦੇ ਆ ਰਹੇ ਹਨ, ਉਸ ਤਰ੍ਹਾਂ ਉਹ ਉਸ ਦੇ ਜੀਵਨ ਨੂੰ ਮੂਰਤੀਮਾਨ ਨਹੀਂ ਕਰ ਸਕਿਆ। ਉਸ ਵਿਚ ਬੋਧਿਕਤਾ ਨਾਲੋਂ ਉਪਭਾਵਿਕਤਾ ਦਾ ਅੰਸ਼ ਕੁਝ ਵਧੇਰੇ ਹੀ ਹੈ, ਜਿਹੜਾ ਕਿ ਇਕ ਲੋਕ-ਵਰਕਰ ਵਿਚ ਨਹੀਂ ਹੁੰਦਾ। ਪਰ ਇਹ ਵਡਿਆਈ ਦੀ ਗੱਲ ਹੈ ਕਿ 'ਰਾਤ ਬਾਕੀ ਹੈ' ਵਿਚ ਜਸਵੰਤ ਸਿੰਘ ਕੰਵਲ ਨੇ ਪਹਿਲੀ ਵੇਰ ਪੰਜਾਬੀ ਉਪਨਿਆਸ ਦੇ ਇਤਿਹਾਸ ਵਿਚ ਇਕ ਨਵੀਨ ਅਤੇ ਨਰੋਇਆ ਕਦਮ ਸਮਾਜਵਾਦੀ ਯਥਾਰਥਵਾਦ ਨੂੰ ਉਲੀਕਣ ਵਿਚ ਚੁਕਿਆ ਹੈ। ਉਹ ਇਸ ਨਾਵਲ ਵਿਚ ਸਾਮਾਜਿਕ ਬੁਰਿਆਈਆਂ ਨੂੰ ਵਿਅਕਤਿਤ੍ਵ ਪੱਖ ਤੋਂ ਨਹੀਂ ਸੁਲਝਾਉਂਦਾ, ਸਗੋਂ ਸਮੁੱਚੇ ਰੂਪ ਵਿਚ ਲੋਕ-ਲਹਿਰ ਰਾਹੀਂ ਸੁਲਝਾਉਣ ਦਾ ਯਤਨ ਕਰਵਾਉਂਦਾ ਹੈ। ਇਸ ਤਰ੍ਹਾਂ ਕਰਨ ਨਾਲ ਉਸ ਨੇ ਆਪਣੇ ਉਪਨਿਆਸ ਦੇ ਵਿਸ਼ਯ-ਵਸਤੂ ਨੂੰ ਕਾਫੀ ਵਿਸ਼ਾਲਤਾ ਦੇ ਵਿਚ ਲਿਆਂਦਾ ਹੈ।

'ਸਿਵਲ ਲਾਈਨਜ਼' ਵਿਚ ਜਸਵੰਤ ਸਿੰਘ ਕੰਵਲ ਨੇ ਉਪਰਲੀ ਮਧ-ਸ਼੍ਰੇਣੀ ਦੀ ਮਨੋਭਾਵਨਾ ਨੂੰ ਬੜੇ ਕਲਾਤਮਕ ਢੰਗ ਨਾਲ ਮੂਰਤੀਮਾਨ ਕੀਤਾ ਹੈ। ਇਸ ਵਿਚ ਉਸ ਨੇ ਸਮਾਜਵਾਦ ਦਾ ਕੋਈ ਵਾਧੂ ਪਰਚਾਰ ਨਹੀਂ ਕੀਤਾ, ਸਗੋਂ ਬੜੇ ਸਾਧਾਰਨ ਜੇਹੇ ਢੰਗ ਨਾਲ ਉਨ੍ਹਾਂ ਦੀਆਂ ਕੁਰੀਤੀਆਂ ਨੂੰ ਨੰਗਿਆਂ ਕੀਤਾ ਹੈ। ਸਮੁਚੇ ਤੌਰ ਤੇ ਉਪਨਿਆਸਕਾਰ ਇਸ ਉਪਨਿਆਸ ਵਿਚ ਆਪਣੇ ਮਨੋਰਥ ਨੂੰ ਪ੍ਰਗਟਾਣ ਵਿਚ ਕਾਮਯਾਬ ਰਹਿਆ ਹੈ।

'ਰੂਪ-ਧਾਰਾ' ਵਿਚ ਜਸਵੰਤ ਸਿੰਘ ਕੰਵਲ ਨੇ ਸਾਮਾਜਿਕ ਸਮਸਿਆਵਾਂ ਨੂੰ ਤਾਰਕਿਕ ਪ੍ਰਣਾਲੀ ਤੋਂ ਅਤੇ ਕਲਾਤਮਕ ਪੱਖ ਤੋਂ ਬੜੀ ਸੋਹਣੀ ਤਰ੍ਹਾਂ ਨਿਭਾਇਆ ਹੈ। ਇਸ ਵਿਚ ਨਾ ਤਾਂ ਉਹ ਨਿਰੋਲ ਸਿਧਾਂਤਵਾਦੀ ਹੈ ਅਤੇ ਨਾ ਨਿਰੋਲ ਰੂਪਵਾਦੀ ਹੀ। ਉਸ ਨੇ ਇਸ ਉਪਨਿਆਸ ਵਿਚ ਸਿਧਾਂਤ ਨੂੰ ਪਚਾ ਕੇ ਕਲਾਤਮਕ ਢੰਗ ਨਾਲ ਉਲੀਕਣ ਦੀ ਕੋਸ਼ਿਸ਼ ਕੀਤੀ ਹੈ, ਪਰ ਤਾਂ ਵੀ ਕਿਤੇ ਕਿਤੇ ਸਚਦੇਵ ਆਪਣੇ

ਸਿਧਾਂਤ ਨੂੰ ਕੁਝ ਬਹੁਤਾ ਹੀ ਪ੍ਰਗਟਾ ਜਾਂਦਾ ਹੈ। ਸਮੁਚੇ ਤੌਰ ਤੇ ਇਹ ਕਹਿਣ ਵਿਚ ਕੋਈ ਮੁਬਾਲਗ਼ਾ ਨਹੀਂ ਕਿ ਜਸਵੰਤ ਸਿੰਘ ਕੰਵਲ ਸਮਾਜਵਾਦੀ ਯਥਾਰਥਵਾਦ ਨੂੰ ਉਲੀਕਣ ਵਿਚ ਹੋਰਨਾਂ ਪੰਜਾਬੀ ਉਪਨਿਆਸਕਾਰਾਂ ਨਾਲੋਂ ਕਾਫ਼ੀ ਅਗੇ ਲੰਘ ਚੁਕਿਆ ਹੈ।

ਪੰਜਾਬੀ ਨਾਟਕਕਾਰ ਵੀ ਆਪਣੇ ਨਾਟਕਾਂ ਵਿਚ ਸਮੁੱਚੇ ਤੌਰ ਤੇ ਅਜੇ ਸਮਾਜਵਾਦੀ ਯਥਾਰਥਵਾਦ ਦਾ ਪ੍ਰਗਟਾਉ ਪੂਰੀ ਸਫਲਤਾ ਨਾਲ ਨਿਭਾ ਨਹੀਂ ਸਕੇ। ਯਥਾਰਥਵਾਦ ਦਾ ਅੰਸ਼ ਸਾਡੇ ਨਾਟਕ-ਕਾਰਾਂ ਵਿਚ ਜ਼ਰੂਰ ਹੈ, ਪਰ ਸਮਾਜਵਾਦੀ ਰੰਗਣ ਦੀ ਅਜੇ ਘਾਟ ਪ੍ਰਤੱਖ ਭਾਸਦੀ ਹੈ। ਪੰਜਾਬੀ ਨਾਟਕ ਦੇ ਇਤਿਹਾਸ ਵਿਚ ਆਏ ਪਹਿਲਿਆਂ ਨਾਟਕਾਂ ਵਿਚ ਸਾਮਾਜਿਕ ਸਮਸਿਆਵਾਂ ਨੂੰ ਕੇਵਲ ਉਪਰਲੇ ਪੱਧਰ ਤਕ ਹੀ ਦ੍ਰਿਸ਼ਟੀ-ਗੋਚਰ ਕੀਤਾ ਗਇਆ ਹੈ ਅਤੇ ਉਨ੍ਹਾਂ ਨੂੰ ਸੁਲਝਾਉਣ ਲਈ ਵੀ ਕੋਈ ਬਹੁਤੀ ਬੌਧਿਕਤਾ ਅਤੇ ਨਿਆਇ ਨਾਲ ਸੁਧਾਰ ਪੇਸ਼ ਨਹੀਂ ਕੀਤੇ ਗਏ। ਆਈ. ਸੀ. ਨੰਦੇ ਦੇ ਆਪਣੇ ਨਾਟਕਾਂ ਵਿਚ ਰੂਪਮਾਨ ਕੀਤੇ ਗਏ ਸੁਧਾਰ ਕੁਝ ਏਸੇ ਹੀ ਪਰਕਾਰ ਦੇ ਹਨ। 'ਬੇਬੇ ਰਾਮ ਭਜਨੀ' ਇਕਾਂਗੀ ਵਿਚ ਉਸ ਨੇ ਸਾਮਾਜਿਕ ਬੁਰਿਆਈ ਜੂਏ ਨੂੰ ਮੂਰਤੀਮਾਨ ਕੀਤਾ ਹੈ। ਸ਼ਾਮ ਦਾਸ ਜਵਾਰੀਆ ਹੈ ਅਤੇ ਉਹ ਆਪਣੀ ਪੂੰਜੀ ਦਾ ਜੂਏ ਵਿਚ ਨਾਸ ਕਰ ਰਹਿਆ ਹੈ। 'ਬੇਬੇ ਰਾਮ ਭਜਨੀ' ਧਾਰਮਿਕ ਵਿਚਾਰਾਂ ਨਾਲ ਸੰਬੰਧ ਰਖਦੀ ਹੈ ਅਤੇ ਉਹ ਆਪਣੀ ਬਾਕੀ ਦੀ ਰਹਿੰਦੀ ਪੂੰਜੀ ਨੂੰ ਸਾਧੂ ਸੰਤਾਂ ਦੀ ਭੇਟ ਕਰਨਾ ਚਾਹੁੰਦੀ ਹੈ। ਅਖੀਰ ਵਿਚ ਜਦ ਉਸ ਨੂੰ ਪਤਾ ਲਗਦਾ ਹੈ ਕਿ ਪਰੋਹਤ ਦਾ ਪੁੱਤ ਵੀ ਜਵਾਰੀਆ ਹੈ ਤਾਂ ਉਹ ਆਪਣੇ ਦਾਨ ਨੂੰ ਅਸਫਲ ਸਮਝ ਕੇ ਤੀਰਥਾਂ ਤੇ ਚਲੀ ਜਾਂਦੀ ਹੈ। ਪਰ ਨੰਦੇ ਅਨੁਸਾਰ ਬੇਬੇ ਰਾਮ ਭਜਨੀ ਦਾ ਇੰਝ ਘਰ ਛਡ ਕੇ ਤੀਰਥਾਂ ਤੇ ਜਾਣ ਦਾ ਫੈਸਲਾ ਬਿਲਕੁਲ ਹੀ ਬੇਬੁਨਿਆਦ ਹੈ। ਇਹ ਤਾਂ ਵਧ ਰਹੀ ਬੇਰੁਜ਼ਗਾਰੀ ਨੂੰ ਸਗੋਂ ਹੋਰ ਵੀ ਵਧਾਉਣਾ ਹੈ। ਸੋ ਇਸ ਨਾਟਕ ਵਿਚ ਆਈ. ਸੀ. ਨੰਦੇ ਦਾ ਸੁਧਾਰ ਓਪਰਾ ਓਪਰਾ ਹੀ ਸੁਧਾਰ ਹੈ। ਇਸੇ ਤਰ੍ਹਾਂ 'ਸੁਭੱਦਰਾ' ਨਾਟਕ ਵਿਚ ਵਿਧਵਾ ਦੇ ਜੀਵਨ ਨੂੰ ਬੜਾ ਔਖਿਆਈਆਂ ਭਰਿਆ ਦਰਸਾਇਆ ਹੈ, ਪਰ ਇਨ੍ਹਾਂ ਦੀਆਂ ਸਮਸਿਆਵਾਂ ਨੂੰ ਕਿਸੇ ਸਮੁੱਚੇ ਹਲ ਵਿਚ ਨਹੀਂ ਮੂਰਤੀਮਾਨ ਕੀਤਾ। "ਜਿੱਨ" ਨਾਟਕ ਵਿਚ ਵੀ ਆਈ. ਸੀ. ਨੰਦੇ ਨੇ ਭੂਤ ਚੁੜੇਲਾਂ ਨੂੰ ਆਪਣੇ ਨਾਟਕ ਦਾ ਵਿਸ਼ਯ-ਵਸਤੂ ਬਣਾਇਆ ਹੈ, ਪਰ ਜਿਸ ਵਿਚ ਵੀ ਅਜਿਹੇ ਸਭ ਸੁਧਾਰਾਂ ਨੂੰ ਅਸੀਂ ਕਿਸੇ ਵੀ ਤਰ੍ਹਾਂ ਨਾਲ ਸਮਾਜਵਾਦੀ ਨਹੀਂ ਕਹਿ ਸਕਦੇ। 'ਬੇਈਮਾਨ' ਨਾਟਕ ਵਿਚ ਨਾਟਕਕਾਰ ਨੇ ਆਪਣੇ ਵਿਸ਼ਯ ਨੂੰ ਵਿਸ਼ਾਲ ਕੀਤਾ ਹੈ ਅਤੇ ਉਹ ਪੂੰਜੀਵਾਦੀ ਸ਼੍ਰੇਣੀ ਦੀਆਂ ਬੇਈਮਾਨੀਆਂ ਨੂੰ ਨਿੰਦ-ਨੀਯ ਕਹਿਣ ਦੇ ਯੋਗ ਹੋਇਆ ਹੈ, ਪਰ ਪੂੰਜੀਵਾਦੀਆਂ ਦੀਆਂ ਅਜਿਹੀਆਂ ਨਿੰਦ-ਨੀਯ ਕੁਰੀਤੀਆਂ ਦਾ ਤਾਂ ਹਰ ਇਕ ਨੂੰ ਪਤਾ ਹੀ ਹੈ,

ਸਾਡੇ ਸਾਹਮਣੇ ਸਮਸਿਆ ਤਾਂ ਇਹ ਹੈ ਇਨ੍ਹਾਂ ਪੂੰਜੀਵਾਦੀਆਂ ਦੀਆਂ ਬੇਈਮਾਨੀਆਂ ਨੂੰ ਹਟਾਉਣ ਤੋਂ ਕਿਸ ਤਰ੍ਹਾਂ ਰੋਕਿਆ ਜਾਵੇ । ਇਸ ਪਰਕਾਰ ਦਾ ਇਸ ਨਾਟਕ ਵਿਚ ਕਿਸੇ ਪ੍ਰਕਾਰ ਦਾ ਸੁਲਝਾਉ ਨਹੀਂ ਪੇਸ਼ ਕੀਤਾ ਗਇਆ । ਸੰਖਿਪਤ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਨੰਦੇ ਵਿਚ ਸਮਾਜਵਾਦੀ ਅੰਸ਼ ਦਾ ਅਜੇ ਬਿਲਕੁਲ ਹੀ ਪ੍ਰਵੇਸ਼ ਨਹੀਂ ਹੋਇਆ ।

ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ 'ਰਾਜਕੁਮਾਰੀ ਲਤਿਕਾ', 'ਪ੍ਰੀਤ ਮੁਕਟ', 'ਪ੍ਰੀਤ ਮਣੀ' ਆਦਿ ਰੁਮਾਂਸਵਾਦੀ ਨਾਟਕ ਲਿਖੇ ਹਨ, ਜਿਨ੍ਹਾਂ ਵਿਚ ਕਿ ਸਮਾਜਵਾਦੀ ਅੰਸ਼ ਦਾ ਅਭਾਵ ਹੀ ਹੈ, ਉਸ ਦੇ ਇਹ ਨਾਟਕ ਬਹੁਤ ਰੁਮਾਂਸਕ ਅਤੇ ਕਾਵਿ-ਸ਼ੈਲੀ ਵਿਚ ਹੀ ਪ੍ਰਗਟਾਏ ਗਏ ਹਨ, ਜਿਸ ਕਰਕੇ ਉਹ ਯਥਾਰਥਵਾਦ ਨੂੰ ਵੀ ਪੂਰੀ ਤਰ੍ਹਾਂ ਨਾਲ ਬਿੰਬਤ ਨਹੀਂ ਕਰ ਸਕਿਆ ।

ਹਰਚਰਨ ਸਿੰਘ ਨਾਟਕਕਾਰ ਨੇ ਪੰਜਾਬੀ ਨਾਟਕਾਂ ਦਾ ਵਿਸ਼ਯ-ਵਸਤੂ ਨੂੰ ਸੀਮਿਤ ਘੇਰੇ ਵਿਚੋਂ ਕੱਢ ਕੇ ਪੰਜਾਬੀ ਨਾਟਕ ਦੇ ਵਿਸ਼ਯ-ਵਸਤੂ ਦੇ ਖੇਤਰ ਨੂੰ ਵਿਸ਼ਾਲ ਕੀਤਾ ਹੈ । ਉਹ ਆਪਣੇ ਪਹਿਲਿਆਂ ਨਾਟਕਾਂ ਵਿਚ ਆਈ. ਸੀ. ਨੰਦਾ ਵਾਂਗ ਸੁਧਾਰਵਾਦੀ ਹੀ ਹੈ । 'ਅਨਜੋੜ' ਨਾਟਕ ਵਿਚ ਉਹ ਅਜੋੜ ਵਿਆਹਾਂ ਬਾਰੇ ਗਲ ਕਥ ਛੇੜਦਾ ਹੈ, ਪਰ ਇਸ ਮਸਲੇ ਬਾਰੇ ਚੰਗੀ ਤਰ੍ਹਾਂ ਕੋਈ ਨਰੋਆ ਸੁਝਾਅ ਨਹੀਂ ਦੇ ਸਕਿਆ । ਇਸ ਤਰ੍ਹਾਂ 'ਦੋਸ਼' ਨਾਟਕ ਵਿਚ ਹਰਚਰਨ ਸਿੰਘ ਨੇ ਕੇਵਲ ਇਕ ਹੀ ਗੁੰਝਲ ਸਤਵੰਤ ਦੀ ਮਾਂ ਦੇ ਆਚਰਨ ਬਾਰੇ ਖੋਲ੍ਹਣ ਦਾ ਯਤਨ ਕੀਤਾ ਹੈ ਤੇ ਅਖੀਰ ਵਿਚ ਉਹ ਸਾਧੂ ਸੰਤਾਂ ਨੂੰ ਹੀ ਦੋਸ਼ੀ ਬਣਾਉਂਦਾ ਹੈ । ਮੂਲ ਦਾਸ ਉਸ ਦੀ ਕੁੜੀ ਨੂੰ ਵੇਚਣ ਦੀ ਕੋਸ਼ਿਸ਼ ਕਰਦਾ ਹੈ, ਇਸ ਤਰ੍ਹਾਂ ਇਸ ਨਾਟਕ ਵਿਚੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਸਾਧੂ ਸੰਤ ਸਭ ਆਰਥਿਕ ਬਦਹਾਲੀ ਵਿਚ ਫੱਸੇ ਹੋਏ ਹਨ, ਪਰ ਇਸ ਨਾਟਕ ਵਿਚ ਆਰਥਿਕ ਮਸਲਿਆਂ ਨੂੰ ਕਿਤੇ ਵੀ ਬੁਨਿਆਦੀ ਤੌਰ ਤੇ ਨਿਜੱਠਣ ਦੀ ਕੋਸ਼ਿਸ਼ ਨਹੀਂ ਕੀਤੀ । ਬਸ ਇਸ ਨਾਟਕ ਵਿਚ ਵੀ ਹਰਚਰਨ ਸਿੰਘ ਨੇ ਕੇਵਲ ਉਪਰੋਂ ਉਪਰੋਂ ਹੀ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਹੈ ।

ਸਮਾਜਵਾਦੀ ਯਥਾਰਥਵਾਦ ਦੇ ਰਾਹ ਵਲ ਨੂੰ ਮੁੜਦਾ ਹਰਚਰਨ ਸਿੰਘ ਦਾ ਨਾਟਕ 'ਰੱਤਾ-ਸਾਲੂ' ਹੈ । ਇਸ ਵਿਚ ਉਸ ਨੇ ਆਰਥਿਕਤਾ ਦੇ ਗਲਤ ਸੰਬੰਧਾਂ ਨੂੰ ਜੜ੍ਹੋਂ ਹਲਾਉਣ ਦੀ ਕੋਸ਼ਿਸ਼ ਕੀਤੀ ਹੈ । ਜਾਗੀਰਦਾਰੀ ਸ਼੍ਰੇਣੀ ਜਿਹੜੀ ਕਿ ਨਾ ਕੇਵਲ ਮਜ਼ਾਰਿਆਂ ਦੀ ਆਰਥਿਕ ਹਾਲਤ ਤੇ ਵੀ ਸੱਟ ਮਾਰਦੀ ਹੈ, ਸਗੋਂ ਉਨ੍ਹਾਂ ਦੀ ਇੱਜ਼ਤ ਨੂੰ ਵੀ ਹੱਥ ਪਾਉਂਦੀ ਵਿਖਾਈ ਗਈ ਹੈ । ਇਸ ਨਾਟਕ ਵਿਚ ਜਾਗੀਰਦਾਰ ਆਪਣੀ ਸ਼੍ਰੇਣੀ ਦੀ ਪ੍ਰਤਿਨਿੱਧਤਾ ਕਰਦਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਦਰਸ਼ਕਾਂ ਨੂੰ ਜਾਗੀਰਦਾਰ ਦੀਆਂ ਕੋਹਜੀਆਂ ਚਾਲਾਂ ਦਾ ਪਤਾ ਲਗਦਾ ਹੈ । ਮਜ਼ਾਰਿਆਂ ਵਿਚ

ਵੀ ਚੇਤਨਤਾ ਆਉਂਦੀ ਦਰਸਾਈ ਗਈ ਹੈ ਅਤੇ ਇਸ ਤਰ੍ਹਾਂ ਇਸ ਨਾਟਕ ਦੀ ਬੁਨਿਆਦ ਗਲਤ ਆਰਥਕ ਰਿਸ਼ਤਿਆਂ ਨੂੰ ਨਿੰਦ-ਨੀਯ ਬਨਾਉਣ ਤੇ ਰਖੀ ਗਈ ਹੈ। ਨਾਟਕਕਾਰ ਇਸ ਵਿਚ ਓਪਰੇ ਵਾਧੂ ਸੁਧਾਰਾਂ ਨੂੰ ਮੂਰਤੀ-ਮਾਨ ਨਹੀਂ ਕਰਦਾ, ਸਗੋਂ ਪੈਦਾਵਾਰੀ ਦੇ ਯੋਗ ਸੰਬੰਧਾਂ ਨੂੰ ਉਪਜਾਉਣ ਤੇ ਜ਼ੋਰ ਲਾਉਂਦਾ ਪ੍ਰਤੱਖ ਵਿਖਾਈ ਦੇਂਦਾ ਹੈ। ਸੋ 'ਰਤਾ ਸਾਲੂ' ਨਾਟਕ ਦਾ ਵਿਸ਼ਯ-ਵਸਤੂ ਸਮਾਜਵਾਦੀ ਯਥਾਰਥਵਾਦ ਵਲ ਨੂੰ ਮੁੜਿਆ ਹੈ।

ਬਲਵੰਤ ਗਾਰਗੀ ਪ੍ਰਗਤੀਵਾਦੀ ਨਾਟਕਕਾਰ ਹੈ। ਉਹ ਸਮਾਜ ਵਿਚ ਪਰਿਵਰਤਨ ਲਿਆਉਣ ਦਾ ਹਾਮੀ ਹੈ। ਆਪਣੀਆਂ ਰਚਨਾਵਾਂ ਸਮਾਜਵਾਦੀ ਯਥਾਰਥਵਾਦ ਦੇ ਦ੍ਰਿਸ਼ਟੀ-ਕੋਣ ਤੋਂ ਲਿਖ ਰਹਿਆ ਹੈ। ਇਸਤ੍ਰੀ ਸਮੱਸਿਆ ਨੂੰ ਸੁਲਝਾਉਣ ਲਈ ਵੀ ਉਸ ਨੇ 'ਲੋਹਾ ਕੁੱਟ', 'ਕੇਸਰੋ' ਆਦਿ ਨਾਟਕਾਂ ਵਿਚ ਯਤਨ ਕੀਤਾ ਹੈ, ਪਰ ਉਹ ਪੂਰੀ ਤਰ੍ਹਾਂ ਨਾਲ ਕਾਮਯਾਬ ਨਹੀਂ ਹੋ ਸਕਿਆ। 'ਲੋਹਾ ਕੁਟ' ਵਿਚ ਸੰਤੀ ਗਾਰਗੀ ਦੀ ਵਿਚਾਰ-ਧਾਰਾ ਦੇ ਪੱਖ ਤੋਂ ਕਾਕੂ ਦੇ ਵਿਰੁਧ ਬਗ਼ਾਵਤ ਕਰਦੀ ਹੈ ਅਤੇ ਉਹ ਗੱਜਣ ਦੇ ਨਾਲ ਨੱਸ ਜਾਂਦੀ ਹੈ। ਇਸੇ ਤਰ੍ਹਾਂ ਬੈਣੋ ਸੰਤੀ ਦੀ ਧੀ ਵੀ ਸੂਬੇਦਾਰ ਦੇ ਮੁੰਡੇ ਨਾਲ ਨਿਕਲ ਜਾਂਦੀ ਹੈ। ਪਰ ਸੰਤੀ ਦਾ ਕਾਕੂ ਨੂੰ ਛਡ ਜਾਣਾ ਅਤੇ ਗੱਜਣ ਦੇ ਨਾਲ ਨੱਸ ਜਾਣ ਦਾ ਜੇ ਵਿਚਾਰ-ਪੱਖ ਤੋਂ ਵਿਸ਼ਲੇਸ਼ਣ ਕਰੀਏ ਤਾਂ ਇਸ ਨੂੰ ਸਹੀ ਅਰਥਾਂ ਵਿਚ ਬਗ਼ਾਵਤ ਨਹੀਂ ਕਹਿਆ ਜਾ ਸਕਦਾ, ਇਸ ਵਿਚ ਇਕ ਰੁਮਾਂਟਕ ਜੇਹੀ ਬਗ਼ਾਵਤ ਹੋਈ ਹੈ, ਜਿਹੜੀ ਕਿ ਬੇ-ਮੌਕਾ ਹੈ, ਬਗ਼ਾਵਤ ਤੋਂ ਭਾਵ ਨਿੱਜੀ ਸੁਆਰਥ ਤੋਂ ਨਹੀਂ ਹੁੰਦਾ, ਸਗੋਂ ਬਗ਼ਾਵਤ ਦਾ ਅਰਥ ਉਨ੍ਹਾਂ ਪਰੰਪਰਾਵਾਦੀ ਵਿਚਾਰਾਂ ਜਾਂ ਉਨ੍ਹਾਂ ਸਾਮਾਜਿਕ ਰਹੁ-ਰੀਤਾਂ ਤੋਂ ਛੁਟਕਾਰਾ ਪਾਣਾ ਹੁੰਦਾ ਹੈ, ਜਿਹੜੀਆਂ ਕਿ ਸਮਾਜ ਦੀ ਨਵੀਨ ਸਥਿਤੀ ਨੂੰ ਆਉਣੋਂ ਰੋਕ ਰਹੀਆਂ, ਆਉਣ ਤੇ ਉਹ ਨਵੀਨ ਆ ਰਹੀਆਂ ਸਥਿਤੀਆਂ ਲੋਕਾਂ ਲਈ ਲਾਭ-ਦਾਇਕ ਹੋਣ। ਪਰ ਬਲਵੰਤ ਗਾਰਗੀ ਦੀ ਕਰਵਾਈ ਸੰਤੀ ਤੋਂ ਇਹ ਬਗ਼ਾਵਤ ਅਜਿਹਾ ਕਰਨ ਤੋਂ ਅਸਮਰਥ ਰਹੀ ਹੈ। ਨਾਟਕਕਾਰ ਦਾ ਫਰਜ਼ ਤਾਂ ਇਹ ਬਣਦਾ ਸੀ ਕਿ ਉਹ ਮਜ਼ਦੂਰ ਅਤੇ ਕ੍ਰਿਤੀ ਸ਼੍ਰੇਣੀ ਨੂੰ ਆਰਥਿਕ ਪੱਖ ਤੋਂ ਵੀ ਸਹਾਇਤਾ ਦੇਣ ਦਾ ਯਤਨ ਕਰੇ ਜਾਂ ਮਜ਼ਦੂਰ ਅਤੇ ਕ੍ਰਿਤੀ ਨੂੰ ਪੈਦਾਵਾਰੀ ਦੇ ਗਲਤ ਸੰਬੰਧਾਂ ਬਾਰੇ ਚੇਤੰਨ ਕਰਵਾਏ। ਪਰ ਹੁੰਦਾ ਇਸ ਨਾਟਕ ਵਿਚ ਸਭ ਕੁਝ ਉਲਟ ਹੀ ਹੈ। ਸੰਤੀ ਦਾ ਕਾਕੂ ਨੂੰ ਛਡ ਜਾਣਾ ਤਾਂ ਇਕ ਤਰ੍ਹਾਂ ਨਾਲ ਕਾਕੂ ਦੀ ਆਰਥਿਕਤਾ ਤੇ ਇਕ ਤਗੜੀ ਸੱਟ ਮਾਰਨਾ ਹੈ ਅਤੇ ਉਸ ਦੀ ਭੈੜੀ ਦਸ਼ਾ ਨੂੰ ਹੋਰ ਭੈੜਿਆਂ ਕਰਨਾ ਹੈ। ਸੰਤੀ 'ਲੋਹਾ ਕੁਟ' ਤੋਂ ਨਫਰਤ ਕਰਦੀ ਹੈ, ਪਰ ਇਸ ਵਿਚ ਲੋਹਾ ਕੁਟ ਦਾ ਕੋਈ ਕਸੂਰ ਨਹੀਂ ਹੈ। ਇਹ ਕਸੂਰ ਤਾਂ ਸਾਡੇ ਸਮਾਜ ਵਿਚ ਵਿਚਰ ਰਹੇ ਗਲਤ ਆਰਥਿਕ ਢਾਂਚੇ ਦਾ ਹੈ। ਸੋ ਸੰਤੀ ਦੀ ਇਸ ਪ੍ਰਕਾਰ ਦੀ ਬਗ਼ਾਵਤ ਬਿਲਕੁਲ ਹੀ

ਨਿਰਾਰਥਕ ਹੋ ਕੇ ਰਹਿ ਗਈ ਹੈ ਕਿਉਂਕਿ ਅਜਿਹੀ ਪ੍ਰਕਾਰ ਦੀ ਬਗ਼ਾਵਤ ਕਿਸਾਨ ਮਜ਼ਦੂਰ ਸ਼੍ਰੇਣੀ ਤੇ ਸੱਟ ਮਾਰਦੀ ਹੈ।

'ਲੋਹਾ ਕੁਟ' ਨਾਟਕ ਵਿਚ ਬਲਵੰਤ ਗਾਰਗੀ ਇਸਤ੍ਰੀ ਦੀ ਸਮੱਸਿਆ ਨੂੰ ਸੁਲਝਾਉਣ ਤੋਂ ਅਸਮਰਥ ਹੀ ਰਹਿਆ ਹੈ। ਇਸ ਨਾਟਕ ਵਿਚ ਸੈਂਤੀ ਦੀ ਅਜਿਹੀ ਬਗ਼ਾਵਤ ਕਰਨੀ ਸਮਾਜ ਵਿਚ ਕੋਈ ਨਵੀਨ ਨਹੀਂ ਹੈ, ਸਗੋਂ ਮੁਢ ਤੋਂ ਹੀ ਅਸਾਡੇ ਸਮਾਜ ਵਿਚ ਇੰਞ ਵਾਪਰਦਾ ਆ ਰਹਿਆ ਹੈ। ਬਲਵੰਤ ਗਾਰਗੀ ਦਾ ਮੁਖ ਮਨੋਰਥ ਅਜਿਹੀ ਪਰਕਾਰ ਦਾ ਹੋਣਾ ਚਾਹੀਦਾ ਸੀ ਕਿ ਜਿਸ ਵਿਚ ਇਸਤ੍ਰੀ-ਜਾਤੀ ਨੂੰ ਸਮੁਚੇ ਤੌਰ ਆਰਥਕਤਾ ਵਲੋਂ ਅਤੇ ਪਿਆਰ ਵਲੋਂ ਹੀ ਚੇਤਨਤਾ ਆ ਜਾਂਦੀ। ਇਕ ਇਸਤ੍ਰੀ ਦਾ ਇਕ ਗਰੀਬ ਦੇ ਘਰੋਂ ਨੱਸ ਜਾਣਾ ਇਕ ਸਾਧਾਰਨ ਜਿਹੀ ਪੁਰਾਤਣ ਗਲ ਹੈ, ਫਿਰ ਇਸ ਬਗਾਵਤ ਵਿਚ ਨਵੀਨਤਾ ਕੀ ਹੋਈ? ਇਸ ਨੇ ਕਿਹੜੀ ਇਸਤ੍ਰੀ ਦੀ ਸਮੱਸਿਆ ਨੂੰ ਸੁਲਝਾ ਦਿੱਤਾ? ਬੇਣੋ ਦੇ ਮੰਗੇਤਰ ਦਾ ਰੰਗ ਕਾਲਾ ਅਤੇ ਕੰਮ ਉਸ ਦਾ ਲੋਹਾਰਾ ਹੈ, ਇਸ ਕਰ ਕੇ ਸੂਬੇਦਾਰ ਦੇ ਮੁੰਡੇ ਨਾਲ ਨਿਕਲ ਜਾਂਦੀ ਹੈ।

ਬਲਵੰਤ ਗਾਰਗੀ ਇਸ ਤਰ੍ਹਾਂ ਦੇ ਸੰਬੰਧ ਕਰਵਾਉਣ ਵਿਚ ਇਕ ਹੋਰ ਗਲਤੀ ਕਰ ਜਾਂਦਾ ਹੈ। ਉਹ ਇਕ ਮਧ-ਸ਼੍ਰੇਣੀ ਦੇ ਨਾਲ ਸੰਬੰਧ ਜੋੜਦਾ ਹੈ, ਜਿਹੜਾ ਕਿ ਉਂਞ ਹੀ ਉਚਿਤ ਨਹੀਂ। ਸੂਬੇਦਾਰ ਦਾ ਮੁੰਡਾ ਉਂਞ ਵੀ ਲਿੰਗ-ਵਾਸ਼ਨਾ ਨੂੰ ਤ੍ਰਿਪਤ ਕਰਕੇ ਆਪਣੀ ਸ਼੍ਰੇਣੀ ਦਾ ਹਿਤ ਪੂਰਣ ਲਈ ਬੇਣੋ ਨੂੰ ਛਡ ਸਕਦਾ ਹੈ ਜਾਂ ਉਸ ਦੇ ਸੰਬੰਧੀ ਅਜਿਹਾ ਕਰਵਾਉਣ ਵਿਚ ਸਹਾਈ ਹੋ ਸਕਦੇ ਹਨ ਤੇ ਉਹ ਆਪਣੀ ਭਾਵਕ ਗਲਤੀ ਨੂੰ ਮੰਨ ਕੇ ਬੇਣੋ ਦੇ ਜੀਵਨ ਦਾ ਨਾਸ ਕਰ ਸਕਦਾ ਹੈ। ਇਸ ਤਰ੍ਹਾਂ ਕਰਨ ਵਿਚ ਨਾਟਕਕਾਰ ਇਕ ਗਰੀਬ ਮਜ਼ਦੂਰ ਦੀ ਪੱਤ ਨੂੰ ਉੱਚ-ਸ਼੍ਰੇਣੀ ਵਾਲਿਆਂ ਤੋਂ ਖੇਹ-ਖਵਾਰ ਕਰਾਂਦਾ ਹੈ। ਸੋ ਅਸੀਂ ਇਹ ਮੰਨ ਸਕਦੇ ਹਾਂ ਕਿ ਇਸ ਨਾਟਕ ਵਿਚ ਸਮਾਜਵਾਦ ਤਾਂ ਕੀ ਓਪਰਲੇ-ਪੰਨ ਦਾ ਸੁਧਾਰ-ਵਾਦ ਵੀ ਵਾਸਤਵਿਕ ਤੌਰ ਤੇ ਨਹੀਂ ਹੈ।

'ਕੇਸਰੋ' ਨਾਟਕ ਵਿਚ ਵੀ ਬਲਵੰਤ ਗਾਰਗੀ ਨੇ ਇਸਤ੍ਰੀ ਦੀ ਹੀ ਸਮਸਿਆ ਨੂੰ ਹੱਲ ਕਰਨ ਦਾ ਯਤਨ ਕੀਤਾ ਹੈ, ਪਰ ਉਸ ਦਾ ਇਸ ਨਾਟਕ ਵਿਚ ਇਸ ਵਿਸ਼ਯ ਬਾਰੇ ਕੀਤਾ ਗਇਆ ਯਤਨ ਵੀ ਕੋਈ ਕਾਮਯਾਬ ਨਹੀਂ ਹੈ। ਬਲਵੰਤ ਗਾਰਗੀ ਦਾ ਇਸ ਵਿਸ਼ਯ ਨੂੰ ਹੱਲ ਕਰਨ ਬਾਰੇ ਇਹ ਦ੍ਰਿਸ਼ਟੀ-ਕੋਣ ਤਾਂ ਠੀਕ ਹੈ ਕਿ ਇਸਤ੍ਰੀ ਨੂੰ ਆਰਥਕ ਦਸ਼ਾ ਵਲੋਂ ਉੱਨਤ ਕੀਤਾ ਜਾਵੇ, ਪਰ ਜਿਸ ਪਰਕਾਰ ਨਾਲ ਨਾਟਕਕਾਰ ਨੇ ਇਹ ਸਮੱਸਿਆ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਇਕ ਘਰੋਗੀ ਜਾਂ ਵਿਅਕਤੀਤ੍ਵ ਹੀ ਹੋ ਕੇ ਰਹਿ ਗਈ ਹੈ। ਸਮੁਚੇ ਤੌਰ ਤੇ ਇਸਤ੍ਰੀ ਕਪੜੇ ਦੀ ਸਲਾਈ ਕਰਕੇ ਹੀ ਆਪਣੀ ਦਸ਼ਾ ਨੂੰ ਸੰਭਾਲ ਨਹੀਂ ਸਕਦੀ ਕਿਉਂਕਿ

ਬਹੁਤ ਹੀ ਅਗੇ ਦਰਜ਼ੀ ਇਸੇ ਕਿੱਤੇ ਤੋਂ ਸਮਾਜ ਵਿਚ ਭੁਖੇ ਮਰ ਰਹੇ ਹਨ। ਇਸਤ੍ਰੀ ਆਪਣੀ ਹਾਲਤ ਨੂੰ ਉਨੇ ਸਮੇਂ ਤਕ ਕਦਾਚਿਤ ਸੁਲਝਾਅ ਨਹੀਂ ਸਕਦੀ, ਜਿੰਨੇ ਸਮੇਂ ਤਕ ਆਰਥਿਕ ਸੰਬੰਧਾਂ ਵਿਚ ਪ੍ਰੀਵਰਤਨਤਾ ਨਹੀਂ ਆਏਗੀ। ਸੋ ਬਲਵੰਤ ਗਾਰਗੀ ਲਈ ਜ਼ਰੂਰੀ ਸੀ ਕਿ ਉਹ ਇਸ ਨਾਟਕ ਵਿਚ ਇਸਤ੍ਰੀ ਦੀ ਸਮੱਸਿਆ ਨੂੰ ਵਿਅਕਤਿਤ੍ਵ ਪੱਖ ਤੋਂ ਹੀ ਨਾ ਦ੍ਰਿਸ਼ਟੀ-ਗੋਚਰੇ ਕਰਦਾ, ਸਗੋਂ ਇਸਤ੍ਰੀ ਜਾਤੀ ਦੀ ਸਮੱਸਿਆ ਨੂੰ, ਉਸ ਨੂੰ ਸਮੂਹਕ ਪੱਖ ਤੋਂ ਵਰਨਣ ਕਰਨਾ ਚਾਹੀਦਾ ਸੀ। ਇਹ ਠੀਕ ਹੈ ਕਿ ਇਸ ਨਾਟਕ ਵਿਚ ਇਸਤ੍ਰੀ ਵਿਚ ਵੀ ਆਈ ਚੇਤਨਤਾ ਦਰਸਾਈ ਗਈ ਹੈ, ਪਰ ਅਜੇ ਇਹ ਨਾਟਕ ਸਮਾਜਵਾਦੀ ਸਾਹਿੱਤ ਦੀਆਂ ਸ਼ਰਤਾਂ ਨੂੰ ਪੂਰੀਆਂ ਨਹੀਂ ਕਰਦਾ।

'ਸੈਲ ਪੱਥਰ' ਨਾਟਕ ਵਿਚ ਬਲਵੰਤ ਗਾਰਗੀ ਨੇ ਸਮਾਜਵਾਦ ਦਾ ਹੀ ਜ਼ਿਕਰ ਕੀਤਾ ਹੈ ਅਤੇ ਸਵੀਰਾ ਨੂੰ ਸਮਾਜਵਾਦੀ ਪੱਖ ਤੋਂ ਅਤੇ ਜੈਦੇਵ ਨੂੰ ਬੁਰਜੁਆਜ਼ੀ ਪੱਖ ਤੋਂ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਗਾਰਗੀ ਇਸ ਨਾਟਕ ਵਿਚ ਵੀ ਸਮੁਚੇ ਤੌਰ ਤੇ ਕਾਮਯਾਬ ਨਹੀਂ ਹੋ ਸਕਿਆ। 'ਡਾਕਟਰ ਪਲਟਾ' ਅਤੇ 'ਦੋ ਜ਼ਾਵੀਏ' ਵਿਚ ਬਲਵੰਤ ਗਾਰਗੀ ਨੇ ਸਾਮਾਜਕ ਦਸ਼ਾ ਬੜੇ ਕਲਾਤਮਕ ਢੰਗ ਨਾਲ ਪ੍ਰਗਟਾਈ ਹੈ ਅਤੇ ਇਨ੍ਹਾਂ ਇਕਾਂਗੀਆਂ ਵਿਚ ਇਹ ਦਰਸਾਇਆ ਗਇਆ ਹੈ ਕਿ ਆਰਥਕ ਹਾਲਤ ਦਿਨ-ਬ-ਦਿਨ ਨਿਘਰਦੀ ਹੀ ਜਾ ਰਹੀ ਹੈ ਪਰ ਇਨ੍ਹਾਂ ਇਕਾਂਗੀਆਂ ਵਿਚ ਨਾਟਕਕਾਰ ਨੇ ਸਾਮਾਜਕ ਸਮੱਸਿਆਵਾਂ ਨੂੰ ਸੁਲਝਾਉਣ ਬਾਰੇ ਕੋਈ ਯਤਨ ਪੇਸ਼ ਨਹੀਂ ਕੀਤਾ। ਐਪਰ ਇਸ ਦਾ ਭਾਵ ਇਹ ਵੀ ਨਹੀਂ ਕਿ ਬਲਵੰਤ ਗਾਰਗੀ ਸਾਮਾਜਿਕ ਸਮੱਸਿਆਵਾਂ ਨੂੰ ਸਾਮਾਜਵਾਦੀ ਦਰਿਸ਼ਟੀਕੋਣ ਤੋਂ ਨਹੀਂ ਵੇਖਦਾ, ਉਸ ਦਾ ਦ੍ਰਿਸ਼ਟੀਕੋਣ ਹੁੰਦਾ ਤਾਂ ਸਾਮਾਜਵਾਦੀ ਹੀ ਹੈ ਪਰ ਅਜੇ ਉਹ ਆਪਣੇ ਇਸ ਦ੍ਰਿਸ਼ਟੀਕੋਣ ਨੂੰ ਨਾਟਕਾਂ ਵਿਚ ਪੂਰੀ ਸਫਲਤਾ ਨਾਲ ਪ੍ਰਗਟਾਅ ਨਹੀਂ ਸਕਿਆ।

ਪ੍ਰਤਿਭਾ ਅਤੇ ਨਿਆਇ ਦੀ ਵਧੀਕ ਮਾਤਰਾ ਹੋਣ ਦੇ ਕਾਰਣ ਸੰਤ ਸਿੰਘ ਸੇਖੋਂ ਨੇ ਕਰੀਬਨ ਕਰੀਬਨ ਦੂਜੇ ਸਾਹਿੱਤਕਾਰਾਂ ਤੋਂ ਪਹਿਲਾਂ ਹੀ ਸਾਮਾਜਵਾਦੀ ਦ੍ਰਿਸ਼ਟੀਕੋਣ ਨੂੰ ਅਪਣਾ ਲਿਆ ਸੀ—ਏਸੇ ਕਰਕੇ ਉਸ ਦੀਆਂ ਬਹੁਤੀਆਂ ਰਚਨਾਵਾਂ ਵਿਚੋਂ ਸਹਿਜੇ ਹੀ ਸਾਮਾਜਵਾਦੀ ਯਥਾਰਥਵਾਦ ਦਾ ਚਿਤਰ ਮਿਲ ਪੈਂਦਾ ਹੈ। 'ਜਾਗੀਰਦਾਰ' ਇਕਾਂਗੀ ਵਿਚ ਧਨਵੰਤ ਸਿੰਘ ਨੇ ਆਪਣੀ ਸ਼੍ਰੇਣੀ ਦੀ ਪ੍ਰਤਿਨਿਧਤਾ ਕੀਤੀ ਹੈ ਅਤੇ ਇਸ ਇਕਾਂਗੀ ਵਿਚ ਇਹ ਦਰਸਾਇਆ ਗਇਆ ਹੈ ਕਿ ਕਿਸ ਤਰ੍ਹਾਂ ਜਾਗੀਰਦਾਰ ਪੁਲਸ ਵਾਲਿਆਂ ਦੇ ਨਾਲ ਮਿਲ ਕੇ ਮੁਜ਼ਾਰਿਆਂ ਦੀ ਲਹਿਰ ਨੂੰ ਦਬਾਉਂਦੇ ਹਨ ਅਤੇ ਉਨ੍ਹਾਂ ਨੂੰ ਹੱਕਾਂ ਤੋਂ ਵਾਂਝਿਆਂ ਹੀ ਰਖਦੇ ਹਨ। ਦੂਜੇ ਪਾਸੇ ਉਹ ਆਪਣੀ ਪਤਨੀ ਨੂੰ ਵੀ ਘਰੋਂ ਕੱਢਣ ਤੇ ਤੁਲਿਆ ਹੋਇਆ ਹੈ ਕਿਉਂਕਿ ਉਹ ਇਕ ਅਮੀਰ

ਘਰ ਦੀ ਨਹੀਂ। ਪਰ ਸਾਨੂੰ ਇਸ ਗਲ ਤੇ ਸ਼ੰਕਾ ਉਤਪੰਨ ਹੁੰਦੀ ਹੈ ਕਿ ਜਾਗੀਰਦਾਰ ਤਾਂ ਸਗੋਂ ਸਰਮਾਏਦਾਰ ਬਨਣ ਵਾਸਤੇ ਆਪਣੇ ਤੋਂ ਵਡਿਆਂ ਦੇ ਨਾਲ ਹੀ ਸੰਬੰਧ ਜੋੜਦੇ ਹਨ ਅਤੇ ਇਸ ਤਰ੍ਹਾਂ ਉਹ ਵਡਿਆਂ ਦੇ ਨਾਲ ਸਬੰਧ ਜੋੜ ਕੇ ਸਰਮਾਏਦਾਰ ਬਨਣਾ ਚਾਹੁੰਦੇ ਹਨ। ਸੋ ਇਸ ਪੱਖ ਤੋਂ ਨਾਟਕਕਾਰ ਨੇ ਜਾਗੀਰਦਾਰੀ ਸ਼੍ਰੇਣੀ ਦੀ ਅਜੇ ਪੂਰੀ ਤਰ੍ਹਾਂ ਨਾਲ ਅਨੁਵਾਦਨਾ ਨਹੀਂ ਕੀਤੀ।

'ਦੂਜਾ ਵਿਆਹ' ਇਕਾਂਗੀ ਵਿਚ ਸੰਤ ਸਿੰਘ ਸੇਖੋਂ ਨੇ ਇਸਤ੍ਰੀ-ਸਮੱਸਿਆ ਨੂੰ ਪੇਸ਼ ਕੀਤਾ ਹੈ ਕਿ ਇਸਤਰੀਆਂ ਆਪਣੀਆਂ ਸਮੱਸਿਆਵਾਂ ਦਾ ਹੱਲ ਨਿਜੀ ਤੌਰ ਤੇ ਨਹੀਂ ਸਗੋਂ ਇਸਤ੍ਰੀ-ਸਭਾਵਾਂ ਦੇ ਨਾਲ ਹੀ ਕਰ ਸਕਦੀਆ ਹਨ। ਨਾਟਕਕਾਰ ਨੇ ਇਸ ਇਕਾਂਗੀ ਵਿਚ ਇਸ ਸਮੱਸਿਆ ਨੂੰ ਇਸੇ ਤਰ੍ਹਾਂ ਹੀ ਸੁਲਝਾਉਣ ਦਾ ਤਾਂ ਜ਼ਤਨ ਕੀਤਾ ਹੈ ਪਰ ਜੇ ਯਥਾਰਥਕ ਤੌਰ ਤੇ ਦ੍ਰਿਸ਼ਟੀ ਗੋਚਰ ਕੀਤਾ ਜਾਵੇ ਤਾਂ ਅਜੇ ਇਸਤ੍ਰੀ-ਸੁਭਾਵਾਂ ਵੀ ਇੰਨੀਆਂ ਕਾਮਯਾਬ ਨਹੀਂ ਹੋਈਆਂ ਜਿੰਨੀਆਂ ਕਿ ਸੇਖੋਂ ਸਾਹਿਬ ਨੇ ਇਸ ਇਕਾਂਗੀ ਵਿਚ ਦਰਸਾਈਆਂ ਹਨ ਪਰ ਤਾਂ ਵੀ ਸਾਨੂੰ ਇਸਤ੍ਰੀ ਸਮੱਸਿਆ ਨੂੰ ਹੱਲ ਕਰਨ ਬਾਰੇ ਇਸ ਇਕਾਂਗੀ ਵਿਚ ਸੁਲਝਾ ਮਿਲਦਾ ਹੈ।

'ਕਲਾਕਾਰ' ਨਾਟਕ ਨੂੰ ਸੰਤ ਸਿੰਘ ਸੇਖੋਂ ਨੇ ਆਪਣੇ ਵਲੋਂ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਚਿਤ੍ਰਿਆ ਹੈ ਪਰ ਸਾਮਾਜਵਾਦੀ ਪੱਖ ਤੋਂ ਇਹ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ। ਕਲਾਕਾਰ ਦਾ ਇਕ ਨਗਨ ਚਿਤ੍ਰ ਉਲੀਕਣਾ ਅਤੇ ਅਹੱਲਿਆ ਦਾ ਇਸ ਪਰਕਾਰ ਚਿਤ੍ਰ ਖਿਚਵਾਉਣਾ ਕਿਸਾਨ-ਮਜ਼ਦੂਰ ਸ਼੍ਰੇਣੀ ਲਈ ਕੋਈ ਲਾਭਦਾਇਕ ਗੱਲ ਨਹੀਂ ਭਾਸਦੀ।

'ਭੂਦਾਨ' ਨਾਟਕ ਵਿਚ ਸੰਤ ਸਿੰਘ ਸੇਖੋਂ ਨੇ ਭੂਮੀ ਦਾਨ ਲਹਿਰ ਨੂੰ ਨਿਖੇਧਾਤਮਕ ਪੱਖ ਤੋਂ ਮੂਰਤੀਮਾਨ ਕਹਿਆ ਹੈ। ਅਤੇ ਇਸ ਵਿਚ ਇਹ ਸਪਸ਼ਟ ਕੀਤਾ ਗਇਆ ਹੈ ਕਿ ਇਹ ਲਹਿਰ ਵਾਸਤਵਿਕ ਤੌਰ ਤੇ ਕਿਸਾਨ ਦੀਆਂ ਸਮੱਸਿਆਵਾਂ ਨੂੰ ਸੁਲਝਾ ਨਹੀਂ ਸਕਦੀ। ਸਿਧਾਂਤਕ ਅਤੇ ਸਾਮਾਜਵਾਦੀ ਪੱਖ ਤੋਂ ਇਹ ਵਿਚਾਰ ਹੈ ਵੀ ਠੀਕ, ਪਰ ਨਾਟਕਕਾਰ ਇਸ ਵਿਚਾਰ-ਧਾਰਾ ਨੂੰ ਆਪਣੇ ਨਾਟਕ ਵਿਚ ਕਲਾਤਮਕ ਢੰਗ ਨਾਲ ਪੇਸ਼ ਨਹੀਂ ਕਰ ਸਕਿਆ। ਉਸ ਨੇ ਵਿਸ਼ੰਰ-ਭਾਈ ਸੂਤਰਧਾਰ, ਗਗਨੇਂਦਰ ਸਿੰਘ, ਵਜ਼ੀਰ ਆਦਿ ਨੂੰ ਸਟੇਜ ਤੇ ਬੋਲਣ ਦੇ ਪੱਖ ਤੋਂ ਬਿਲਕੁਲ ਹੀ ਨਿਕਾਰੇ ਦਰਸਾਇਆ ਹੈ ਜੋਹੜੇ ਕਿ ਵਾਸਤਵਿਕ ਤੌਰ ਤੇ ਨਾਟਕਕਾਰ ਨੂੰ ਇੰਨੇ ਕਮਜ਼ੋਰ ਨਹੀਂ ਵਿਖਾਉਣੇ ਚਾਹੀਦੇ ਸੀ। ਸਮੁਚੇ ਤੌਰ ਤੇ ਸੰਤ ਸਿੰਘ ਸੇਖੋਂ ਦੇ ਨਾਟਕਾਂ ਤੋਂ ਮਾਰਕਸਵਾਦੀ ਸਿਧਾਂਤ ਸਪਸ਼ਟ ਦਰਸਾਈ ਦਿੰਦਾ ਹੈ ਅਤੇ ਉਹ ਸਮਾਜਵਾਦੀ ਯਥਾਰਥਵਾਦ ਨੂੰ ਮੁਖ ਰਖ ਕੇ ਆਪਣੀਆਂ ਰਚਨਾਵਾਂ ਦੇ ਰਹਿਆ ਹੈ।

ਗੁਰਦਿਆਲ ਸਿੰਘ ਫੁਲ ਵੀ ਆਪਣੇ ਆਪ ਨੂੰ ਸਮਾਜਵਾਦੀ ਯਥਾਰਥਵਾਦ ਨੂੰ ਉਲੀਕਣ ਵਾਲਾ ਮੰਨਦਾ ਹੈ ਪਰ ਉਹ ਇਸ ਵਿਸ਼ਯ ਨੂੰ ਅੰਕਿਤ ਕਰਨ ਵਿਚ

ਪੂਰੀ ਸਫਲਤਾ ਪ੍ਰਾਪਤ ਨਹੀਂ ਕਰ ਸਕਿਆ । 'ਬੈਂਕ' ਨਾਟਕ ਵਿੱਚ ਉਸ ਨੇ ਘਰੋਗੀ ਮਸਲਿਆਂ ਦਾ ਵਰਨਣ ਕੀਤਾ ਹੈ। ਘਰੋਗੀ ਮਸਲਿਆਂ ਦੇ ਕਾਰਣ ਉਸ ਨੇ ਆਰਥਿਕਤਾ ਦੇ ਗਲਤ ਸੰਬੰਧਾਂ ਨੂੰ ਨਹੀਂ ਦਰਸਾਇਆ। ਸਗੋਂ ਪਿਉ ਪੁੱਤ, ਨੌਂਹ ਸੱਸ ਵਿਚਕਾਰ ਇਹ ਮਸਲਾ ਖੜਾ ਕਰ ਦਿੱਤਾ ਹੈ। ਇਸ ਨਾਟਕ ਵਿਚ ਗੁਰਦਿਆਲ ਸਿੰਘ ਫੁੱਲ ਨੇ ਆਪਣਾ ਸਾਰਾ ਜ਼ੋਰ ਕਰਤਾਰ ਅਤੇ ਉਸ ਦੀ ਪਤਨੀ ਨੂੰ ਨਿੰਦਣ ਤੇ ਹੀ ਲਾਇਆ ਹੈ ਅਤੇ ਉਹ ਇਸ ਤਰ੍ਹਾਂ ਕਰਨ ਵਿਚ ਜੀਵਨ ਦੀ ਯਥਾਰਥਕਤਾ ਨੂੰ ਵੀ ਅੱਖੋਂ ਉਹਲੇ ਕਰ ਦਿੰਦਾ ਹੈ। ਨਾਟਕਕਾਰ ਨੇ ਕਰਤਾਰ ਦੇ ਮੂੰਹੋਂ ਆਪਣੀ ਭੈਣ ਦੇ ਮੁੰਡੇ ਤੇ ਸ਼ਗਨ ਵਜੋਂ ਇਕ ਰੁਪਿਆ ਮਨੀ-ਆਰਡਰ ਰਾਹੀਂ ਭੇਜਣ ਲਈ ਅਖਵਾਇਆ ਹੈ ਜਿਹੜਾ ਕਿ ਬਿਲਕੁਲ ਹੀ ਨਹੀਂ ਜਚਦਾ। ਇੱਕ ਰੁਪਿਆ ਇੰਞ ਮਨੀ-ਆਰਡਰ ਰਾਹੀਂ ਭੇਜਣ ਦੀ ਸੰਭਾਵਨਾ ਤਾਂ ਤਦ ਹੀ ਹੋ ਸਕਦੀ ਸੀ ਜੇ ਕਰ ਉਹ ਮੂਲੋਂ ਹੀ ਗਰੀਬ ਹੁੰਦੇ, ਪਰ ਆਰਥਕ ਹਾਲਤ ਉਨ੍ਹਾਂ ਦੀ ਚੰਗੇਰੀ ਹੈ। ਸੋ ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਨਾਟਕਕਾਰ ਦੀ ਰੁਚੀ ਕੇਵਲ ਕਰਤਾਰ ਨੂੰ ਭੰਡਣ ਤੇ ਹੀ ਹੈ। ਏਸੇ ਤਰ੍ਹਾਂ ਫੁਲ ਸਾਹਿਬ ਨੇ ਕਰਤਾਰ ਨੂੰ ਉਦੋਂ ਵੀ ਵਾਧੂ ਨਿਰਦਈ ਬਣਾਉਂਦਾ ਹੈ ਜਦੋਂ ਉਹ ਆਪਣੇ ਬੁਢੇ ਪਿਤਾ ਨਾਲ ਕਾਂਸ਼ੀ ਜਾਣ ਤੋਂ ਨਾਂਹ ਕਰ ਦਿੰਦਾ ਹੈ ਅਤੇ ਨਾ ਜਾਣ ਦੀਆ ਬਹਾਨੇ ਸਾਜ਼ੀਆਂ ਘੜਦਾ ਹੈ। ਫੁੱਲ ਸਾਹਿਬ ਨੇ ਕਰਤਾਰ ਦੀ ਪਤਨੀ ਨੂੰ ਵੀ ਕੋਈ ਯਥਾਰਥਕਤਾ ਨਾਲ ਨਹੀਂ ਉਲੀਕਿਆ। ਉਸ ਨੂੰ ਐਵੇਂ ਹੀ ਕਠੋਰ ਪੱਥਰ-ਦਿਲ ਬਨਾਉਣ ਦਾ ਯਤਨ ਕੀਤਾ ਗਇਆ ਹੈ। ਨਾਟਕਕਾਰ ਨੇ ਕਰਤਾਰ ਅਤੇ ਉਸ ਦੀ ਪਤਨੀ ਅਜਿਹੇ ਪਾਤਰ ਲਏ ਹਨ ਜ ਸਾਧਾਰਣ ਮਨੁਖ ਦੀ ਜ਼ਿੰਦਗੀ ਦੀ ਕਦਾਚਿਤ ਤਰਜਮਾਨੀ ਨਹੀਂ ਕਰਦੇ। ਸੰਖਿਪਤ ਸ਼ਬਦਾਂ ਵਿਚ ਇਹ ਕਹਿਆ ਜਾ ਸਕਦਾ ਹੈ ਕਿ ਨਾਟਕਕਾਰ ਇਸ ਵਿਚ ਬਿਲਕੁਲ ਹੀ ਸਫਲਤਾ ਪ੍ਰਾਪਤ ਨਹੀਂ ਕਰ ਸਕਿਆ ਅਤੇ ਨਾ ਹੀ ਇਹ ਨਾਟਕ ਸਮਾਜਵਾਦੀ ਯਥਾਰਥਵਾਦ ਨੂੰ ਪ੍ਰਗਟਾਉਣ ਵਿਚ ਕੋਈ ਮਹੱਤਤਾ ਰਖਦਾ ਹੈ।

ਰੋਸ਼ਨ ਲਾਲ ਆਹੂਜਾ ਨੇ ਵੀ ਆਪਣੇ ਨਾਟਕਾਂ ਰਾਹੀਂ ਪੰਜਾਬੀ ਨਾਟਕ ਦੇ ਖੇਤਰ ਨੂੰ ਵਧਾਇਆ ਹੈ ਪਰ ਉਸ ਦੇ ਨਾਟਕਾਂ ਵਿਚ ਸਾਮਾਜਵਾਦੀ ਯਥਾਰਥਵਾਦ ਦਾ ਚਿਤ੍ਰ ਬਹੁਤ ਹੀ ਘੱਟ ਹੈ।

ਅਮਰੀਕ ਸਿੰਘ ਵੀ ਇਕ ਹੋਰ ਨਾਟਕਕਾਰ ਹੈ ਜਿਹੜਾ ਕਿ ਅਜੇ ਨਾਟਕ-ਖੇਤਰ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕਿਆ। ਉਸ ਦਾ ਇਕਾਂਗੀ 'ਸ਼ਰਤ' ਕਲਾ ਕਲਾ ਲਈ ਦਾ ਹੀ ਕੇਵਲ ਧਾਰਨੀ ਹੋ ਕੇ ਰਹਿ ਗਇਆ ਅਤੇ ਉਸ ਵਿਚ ਕਿਤੇ ਵੀ ਸਾਮਾਜਕ ਸਮੱਸਿਆ ਦਾ ਵਰਨਣ ਨਹੀਂ ਕੀਤਾ ਗਇਆ । ਸੋ ਸਾਮਾਜਵਾਦੀ ਯਥਾਰਥਵਾਦ ਦਾ ਤਾਂ ਉਸ ਵਿਚ ਪ੍ਰਸ਼ਨ ਹੀ ਨਹੀਂ ਉਠਦਾ।

ਪੰਜਾਬੀ ਨਾਟਕ ਵਿਚ ਫੇਰ ਵੀ ਸਾਮਾਜਵਾਦੀ ਯਥਾਰਥਵਾਦ ਦਾ ਅੰਸ਼

ਦਿਨ ਬਦਿਨ ਉੱਨਤੀ ਕਰ ਰਹਿਆ ਹੈ ਅਤੇ ਸਫਲਤਾ ਪ੍ਰਾਪਤ ਕਰ ਰਹਿਆ ਹੈ ।

ਉਪਨਿਆਸ ਅਤੇ ਨਾਟਕਾਂ ਦੇ ਟਾਕਰੇ ਤੇ ਪੰਜਾਬੀ ਨਿਕੀ ਕਹਾਣੀ ਵਿਚ ਸਾਮਾਜਵਾਦੀ ਯਥਾਰਥਵਾਦ ਦਾ ਰੰਗ ਵਧੀਕ ਉਘੜਿਆ ਹੈ । ਭਾਵੇਂ ਨਿਕੀ ਕਹਾਣੀ ਅਜਿਹੇ ਬੌਧਿਕ ਵਿਸ਼ਯਾਂ ਦਾ ਭਾਰ ਚੁਕਣ ਜੋਗੀ ਨਹੀਂ ਹੁੰਦੀ ਅਤੇ ਨਾ ਹੀ ਨਿੱਕੀ ਕਹਾਣੀ ਵਿਚ ਰੂਪਕ ਪੱਖ ਤੋਂ ਹੀ ਅਜਿਹੇ ਵਿਚਾਰਾਂ ਨੂੰ ਵਰਨਣ ਕਰਨ ਲਈ ਥਾਂ ਹੁੰਦਾ ਹੈ ਪਰ ਫੇਰ ਵੀ ਸਾਡੇ ਪੰਜਾਬੀ ਕਹਾਣੀਕਾਰ ਇਸ ਵਿਸ਼ਯ ਨੂੰ ਬੜੇ ਕਲਾਤਮਕ ਢਗ ਨਾਲ ਨਿਭਾਉਣ ਦਾ ਯੋਗ ਯਤਨ ਕਰ ਰਹੇ ਹਨ ।

ਸੁਜਾਨ ਸਿੰਘ ਕਹਾਣੀ ਦੇ ਖੇਤਰ ਵਿਚ ਵਿਸ਼ੇਸ਼ ਅਸਥਾਨ ਰਖਦਾ ਹੈ ਅਤੇ ਉਹ ਆਪਣੇ ਦ੍ਰਿਸ਼ਟੀਕੋਣ ਤੋਂ ਵੀ ਸਾਮਾਜਵਾਦੀ ਹੀ ਹੈ । ਸੁਜਾਨ ਸਿੰਘ ਨੇ ਵੀ ਮਧ-ਸ਼੍ਰੇਣੀ ਦੇ ਵਿਚੋਂ ਆਉਣ ਕਰਕੇ ਆਪਣੀਆਂ ਕਹਾਣੀਆਂ ਵਿਚ ਵੀ ਨੀਵੀਂ ਮਧ-ਸ਼੍ਰੇਣੀ ਦੇ ਹੀ ਪਾਤਰਾਂ ਨੂੰ ਲੈਂਦਾ ਹੈ । ਸਾਧਾਰਨ ਜ਼ਿੰਦਗੀ ਵਿੱਚ ਵਿਚਰਦੇ ਰਹਿਣ ਕਰਕੇ ਉਸ ਨੇ ਲੋਕਾਂ ਦੇ ਆਮ ਜੀਵਨ ਦਾ ਬੜਾ ਨੇੜਿਉਂ ਹੋ ਕੇ ਅਧਿਐਨ ਕੀਤਾ ਹੈ ਅਤੇ ਉਹਨਾਂ ਦੀਆਂ ਆਰਥਕ ਸਮੱਸਿਆਵਾਂ ਤੇ ਸਾਮਾਜਿਕ ਮਸਲਿਆਂ ਨੂੰ ਬੜੀ ਡੂੰਘੀ ਤਰ੍ਹਾਂ ਅਨੁਭਵ ਕੀਤਾ ਹੈ। ਸੋ ਇਹੋ ਹੀ ਕਾਰਣ ਹੈ ਕਿ ਉਹ ਆਪਣੀਆਂ ਕਹਾਣੀਆਂ ਵਿਚ ਯਥਾਰਥਵਾਦ ਨੂੰ ਚੰਗੀ ਤਰ੍ਹਾਂ ਪ੍ਰਗਟਾ ਸਕਿਆ ਹੈ । ਸਾਮਾਜਿਕ ਔਖਿਆਈਆਂ ਦਾ ਨਿਜੀ ਤਜਰਬਾ ਹੋਣ ਕਰਕੇ ਵੀ ਉਹ ਸਾਮਾਜਿਕ ਗੁੰਝਲਾਂ ਦੇ ਕਾਰਣਾਂ ਗੰਭੀਰ ਹੋ ਕੇ ਵਾਚ ਸਕਿਆ ਹੈ । ਉਹ ਸਾਰੀਆਂ ਹੀ ਸਾਮਾਜਕ ਸਮੱਸਿਆਵਾਂ ਦੀ ਜੜ੍ਹ ਵਿਚਰ ਰਹੇ ਆਰਥਿਕ ਰਿਸ਼ਤਿਆਂ ਨੂੰ ਦਰਸਾਉਂਦਾ ਹੈ । ਸੋ ਇਸ ਕਰਕੇ ਉਸ ਦੀਆਂ ਕਹਾਣੀਆਂ ਵਿਚ ਸਮਾਜਵਾਦੀ ਅੰਸ਼ ਸਪਸ਼ਟ ਵਿਖਾਈ ਦਿੰਦਾ ਹੈ । 'ਪ੍ਰਾਹੁਣਾ' ਕਹਾਣੀ ਉਸ ਦੀ ਇਸੇ ਹੀ ਪੱਖ ਤੋਂ ਲਿਖੀ ਗਈ ਹੈ ਅਤੇ ਇਸ ਵਿਚ ਉਹ ਨਿਜੀ ਸੁਧਾਰਾਂ ਨੂੰ ਛਡ ਕੇ ਸਮਾਜਕ ਸਮੱਸਿਆਵਾਂ ਦਾ ਸਮੁੱਚੇ ਤੌਰ ਤੇ ਹਲ ਕਰਵਾਉਣ ਦਾ ਯਤਨ ਪੇਸ਼ ਕਰਦਾ ਹੈ। ਇਸਤ੍ਰੀ-ਸਮੱਸਿਆਵਾਂ ਨੂੰ ਹਲ ਕਰਨ ਬਾਰੇ ਵੀ ਉਹ ਸਮੂਹਕ ਪੱਖ ਤੋਂ ਹੀ ਵਾਚਦਾ ਹੈ ਅਤੇ ਆਰਥਕ ਸੰਬੰਧਾਂ ਵਿਚਕਾਰ ਪਰਿਵਰਤਨ ਲਿਆਉਣ ਲਈ ਯਤਨ ਕਰਦਾ ਹੈ। ਪਰ ਕਦੀ ਕਦੀ ਉਹ ਆਪਣੀਆਂ ਕਹਾਣੀਆਂ ਵਿੱਚ ਬਹੁਤਾ ਹੀ ਸਿਧਾਂਤਕ ਉਪਦੇਸ਼ ਦੇਣ ਲਗ ਜਾਂਦਾ ਹੈ ਜਿਸ ਕਰਕੇ ਕਿ ਉਹ ਕਹਾਣੀ-ਕਲਾ ਦੀਆਂ ਸੀਮਾਂ ਨੂੰ ਉਲੰਘ ਕੇ ਪ੍ਰਚਾਰਵਾਦੀ ਭਾਸਣ ਲਗ ਜਾਂਦੀ ਹੈ । 'ਨਰਕਾਂ ਦੇ ਦੇਵਤੇ' ਉਸ ਦੇ ਇਸ ਕਹਾਣੀ ਸੰਗ੍ਰਹਿ ਬਾਰੇ ਇਹ ਆਮ ਸ਼ਕਾਇਤ ਹੈ । ਪਰ ਫੇਰ ਵੀ ਸਾਮਾਜਵਾਦੀ ਯਥਾਰਥਵਾਦ ਦੇ ਪੱਖ ਤੋਂ ਉਸ ਦੀਆਂ ਲਿਖੀਆਂ 'ਕਹਾਣੀਆਂ 'ਡੇਢ ਆਦਮੀ' 'ਨਰਸ' 'ਪ੍ਰਾਹੁਣਾ' 'ਕਪੂਰ ਤੇ ਮਜ਼ਦੂਰ' ਆਦਿ ਵਰਨਣ ਯੋਗ ਹਨ।

ਪੱਛਮੀ ਸਾਹਿੱਤਕਾਰਾਂ ਦਾ ਖਾਸ ਕਰਕੇ ਫਰਾਇਡ ਦਾ ਕਰਤਾਰ ਸਿੰਘ ਦੁਗਲ

ਤੇ ਖਾਸ ਪ੍ਰਭਾਵ ਪਇਆ ਹੈ। ਇਸ ਕਰਕੇ ਉਸ ਦੀਆਂ ਕਹਾਣੀਆਂ ਵਿਚ ਲਿੰਗ-ਵਾਸ਼ਨਾ ਦਾ ਜ਼ਿਕਰ ਆਮ ਆਉਂਦਾ ਹੈ। ਕਰਤਾਰ ਸਿੰਘ ਦੁਗਲ ਦੀਆਂ ਕਹਾਣੀਆਂ ਪ੍ਰਕ੍ਰਿਤੀਵਾਦੀ ਹਨ, ਜਿਹੜੀਆਂ ਕਿ ਸਮਾਜਵਾਦੀ ਯਥਾਰਥਵਾਦੀ ਲੇਖਕ ਦਾ ਅਜਿਹੀਆਂ ਕਹਾਣੀਆਂ ਦੇਣ ਦਾ ਕਰਤਵ ਨਹੀਂ ਹੁੰਦਾ। ਸਮਾਜਵਾਦੀ ਲੇਖਕ ਪਾਠਕਾਂ ਨੂੰ ਸੁਹਜ-ਸੁਆਦ ਦਿੰਦਾ ਵੀ ਹੈ ਤੇ ਨਾਲ ਨਾਲ ਉਹ ਆਪਣੇ ਆਦਰਸ਼ ਨੂੰ ਨਿਭਾਉਣ ਲਈ ਵੀ ਯਤਨ ਕਰਦਾ ਹੈ। ਨਿਰਾ ਉਹ ਕਲਾ ਕਲਾ ਲਈ ਦਾ ਵੀ ਹਾਮੀ ਨਹੀਂ ਹੁੰਦਾ। ਕਰਤਾਰ ਸਿੰਘ ਦੁਗਲ ਪਹਿਲਾਂ ਆਪਣੀ ਕਲਾ ਨੂੰ ਕੇਵਲ ਕਲਾ ਲਈ ਹੀ ਵਰਤਦਾ ਸੀ ਪਰ ਉਹ ਹੁਣ ਕਲਾ ਜ਼ਿੰਦਗੀ ਲਈ ਦਾ ਹਾਮੀ ਹੋ ਗਇਆ ਹੈ। ਸਮਾਜਵਾਦੀ ਯਥਾਰਥਵਾਦ ਨੂੰ ਵਰਨਣ ਕਰਨ ਵਿਚ ਕਰਤਾਰ ਸਿੰਘ ਦੁਗਲ ਕੋਈ ਸਫਲਤਾ ਅਜੇ ਪ੍ਰਾਪਤ ਨਹੀਂ ਕਰ ਸਕਿਆ। ਉਹ ਆਪਣੀਆਂ ਕਹਾਣੀਆਂ ਵਿਅਕਤੀਤਵ ਪੱਖ ਤੋਂ ਹੀ ਚਿਤਰਦਾ ਹੈ। ਇਸ ਵਿਸ਼ਯ ਬਾਰੇ ਉਸ ਦੀ ਚੰਗੀ ਕਹਾਣੀ 'ਦੋਏ ਟਿੱਬੇ' ਹੀ ਹੈ।

ਸੰਤ ਸਿੰਘ ਸੇਖੋਂ ਸਮਾਜਵਾਦੀ ਹੋਣ ਦੇ ਕਾਰਣ ਆਪਣੀਆਂ ਕਹਾਣੀਆਂ ਵਿੱਚ ਸਮਾਜਵਾਦੀ ਯਥਾਰਥਵਾਦ ਨੂੰ ਚੰਗੀ ਤਰ੍ਹਾਂ ਪੇਸ਼ ਕਰਦਾ ਹੈ। ਇਸ ਦੀਆਂ ਕਹਾਣੀਆਂ ਵਿਚ ਯਥਾਰਥ ਹੁੰਦਾ ਹੈ ਅਤੇ ਉਹ ਆਪਣੀਆਂ ਕਹਾਣੀਆਂ ਵਿੱਚ ਸਹਿਜੇ ਹੀ ਆਪਣਾ ਆਦਰਸ਼ ਸਫਲ ਕਰ ਜਾਂਦਾ ਹੈ। ਕਲਾਤਮਕ ਪੱਖ ਤੋਂ ਇਸ ਦੀਆਂ ਕਹਾਣੀਆਂ ਕਾਫ਼ੀ ਹੱਦ ਤਕ ਸਫ਼ਲ ਹਨ। ਸੇਖੋਂ ਸਮਾਜ ਦੇ ਆਰਥਕ ਸੰਬੰਧਾਂ ਤੋਂ ਅਸੰਤੁਸ਼ਟ ਹੈ ਅਤੇ ਉਹ ਇਨ੍ਹਾਂ ਆਰਥਕ ਸੰਬੰਧਾਂ ਵਿਚਕਾਰ ਤਬਦੀਲੀ ਲਿਆਉਣਾ ਚਾਹੁੰਦਾ ਹੈ। ਏਸੇ ਕਰ ਕੇ ਉਸ ਦੀਆਂ ਕਹਾਣੀਆਂ ਵਿਚ ਆਰਥਕ ਸੰਬੰਧਾਂ ਬਾਰੇ ਚਰਚਾ ਆਮ ਹੀ ਹੁੰਦੀ ਹੈ। ਸਮਾਜਵਾਦੀ ਯਥਾਰਥਵਾਦ ਦੇ ਪੱਖ ਤੋਂ ਲਿਖੀਆਂ ਗਈਆਂ ਕਹਾਣੀਆਂ 'ਜਣਨੀ', 'ਫਾਰਮੂਲੇ', 'ਨਿਮਕ ਹਰਾਮ' ਆਦਿ ਵਰਣਨ ਯੋਗ ਹਨ। ਪਰ ਉਹ ਆਪਣੀਆਂ ਕਹਾਣੀਆਂ ਵਿਚ ਵੀ ਕਈ ਵੇਰ ਪ੍ਰਚਾਰਵਾਦੀ ਬਣ ਕੇ ਰਹਿ ਜਾਂਦਾ ਹੈ।

ਸੰਤੋਖ ਸਿੰਘ ਧੀਰ ਵੀ ਸੁਜਾਨ ਸਿੰਘ ਵਾਂਗ ਸਾਮਾਜਿਕ ਕਸ਼ਮਕਸ਼ਾਂ ਵਿੱਚ ਲੰਘਿਆ ਹੋਇਆ ਸਾਹਿੱਤਕਾਰ ਹੈ ਅਤੇ ਏਸੇ ਕਰ ਕੇ ਉਸ ਵਿੱਚ ਬੌਧਿਕਤਾ, ਚੇਤਨਤਾ ਅਤੇ ਨਿਆਇ ਦਾ ਅੰਸ਼ ਸਪਸ਼ਟ ਵਿਖਾਈ ਦਿੰਦਾ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਪਾਠਕਾਂ ਨੂੰ ਸਮਾਜਕ ਸੂਝ ਦਿੰਦਾ ਹੈ। ਭਾਵੇਂ ਉਸ ਦੀਆਂ ਕਈ ਕਹਾਣੀਆਂ ਕੇਵਲ ਸੁਧਾਰਵਾਦੀ ਹੀ ਹੋ ਕੇ ਰਹਿ ਗਈਆਂ ਹਨ, ਪਰ ਉਹ ਸਮਾਜਵਾਦੀ ਪੱਖ ਤੋਂ ਬਹੁਤੀਆਂ ਕਹਾਣੀਆਂ ਲਿਖਣ ਦਾ ਯਤਨ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਚੰਗੀ ਤਰ੍ਹਾਂ ਯਥਾਰਥਵਾਦ ਉਘਾੜਿਆ ਹੋਇਆ ਹੁੰਦਾ ਹੈ। ਸੰਤੋਖ ਸਿੰਘ ਧੀਰ ਆਪਣੀਆਂ ਕਹਾਣੀਆਂ ਵਿੱਚ ਬਹੁਤ ਪਰਚਾਰ ਨਹੀਂ ਕਰਦਾ। ਉਸ ਦੀਆਂ, ਚੰਗੀਆਂ

ਕਹਾਣੀਆਂ 'ਸਿਟਿਆਂ ਦੀ ਛਾਂ', 'ਜਦੋਂ ਛਲੀਆਂ ਹਸੀਆਂ' ਆਦਿ ਹਨ ।

ਜਸਵੰਤ ਸਿੰਘ ਕੰਵਲ ਜਾਗੀਰਦਾਰੀ ਪ੍ਰਬੰਧ ਦਾ ਸਖਤ ਵਿਰੋਧੀ ਹੈ ਅਤੇ ਉਹ ਆਪਣੀਆਂ ਕਹਾਣੀਆਂ ਵਿਚ ਵੀ ਇਸ ਸ਼੍ਰੇਣੀ ਨੂੰ ਨਿਖੇਧਾਤਮਕ ਪੱਖ ਤੋਂ ਚਿਤ੍ਰਦਾ ਹੈ । ਕਿਸਾਨ ਹੋਣ ਦੇ ਨਾਤੇ ਵਿਚ ਉਹ ਕਿਸਾਨਾਂ ਦੀ ਸਹੀ ਪ੍ਰਤਿਨਿਧਤਾ ਕਰਦਾ ਹੈ । ਉਹਨਾਂ ਦੀਆਂ ਸਮੱਸਿਆਵਾਂ ਤੋਂ ਚੰਗਾ ਜਾਣੂ ਹੈ ਅਤੇ ਉਹ ਕਿਸਾਨਾਂ ਦੀ ਗਰੀਬੀ ਦੇ ਕਾਰਣਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ । ਇਹੋ ਹੀ ਕਾਰਣ ਹੈ ਕਿ ਉਹ ਆਪਣੀਆਂ ਕਹਾਣੀਆਂ ਵਿਚ ਯਥਾਰਥਵਾਦ ਨੂੰ ਚੰਗੀ ਤਰ੍ਹਾਂ ਉਲੀਕ ਸਕਦਾ ਹੈ । 'ਜ਼ਿੰਦਗੀ ਦੂਰ ਨਹੀਂ', 'ਸੰਧੂਰ' ਆਦਿ ਪੁਸਤਕਾਂ ਵਿੱਚ ਉਸ ਦੀਆਂ ਕਹਾਣੀਆਂ ਕਾਫੀ ਸਮਾਜਵਾਦੀ ਹਨ ਪਰ ਕਈ ਵੇਰ ਉਹ ਆਪਣੀਆਂ ਕਹਾਣੀਆਂ ਵਿਚ ਚਲਾਤਮਕ ਪੱਖ ਤੋਂ ਢਿੱਲਾ ਪੈ ਜਾਂਦਾ ਹੈ ਜਿਹੜਾ ਕਿ ਇਕ ਕਾਮਯਾਬ ਕਹਾਣੀਕਾਰ ਲਈ ਨਹੀਂ ਹੋਣਾ ਚਾਹੀਦਾ ।

ਨਵਤੇਜ ਸਮਾਜਵਾਦੀ ਹੋਣ ਦੇ ਨਾਲ ਨਾਲ ਚੰਗਾ ਮਨੋ-ਵਿਗਿਆਨੀ ਵੀ ਹੈ । ਮਨੋਵਿਗਿਆਨਕ ਛੋਹਾਂ ਦੀ ਉਹ ਆਪਣੀਆਂ ਕਹਾਣੀਆਂ ਵਿਚ ਯੋਗ ਵਰਤੋਂ ਕਰਦਾ ਹੈ । ਉਸ ਦੀਆਂ ਸਮਾਜਵਾਦੀ ਯਥਾਰਥਵਾਦ ਨੂੰ ਪ੍ਰਗਟਾਉਣ ਵਾਲੀਆਂ ਕਹਾਣੀਆਂ 'ਨਵੀਂ ਰੁੱਤ', 'ਜਦੋਂ ਲੋਕ ਜਾਗਣਗੇ', 'ਸੋਹਣੀ ਸਵੇਰ' ਆਦਿ ਹਨ ।

ਕੁਲਵੰਤ ਸਿੰਘ ਵਿਰਕ ਅਤੇ ਹਰੀ ਸਿੰਘ ਦਿਲਬਰ ਨੇ ਵੀ ਪੰਜਾਬੀ ਕਹਾਣੀ ਨੂੰ ਪ੍ਰਫੁਲਤ ਕੀਤਾ ਹੈ, ਪਰ ਇਨ੍ਹਾਂ ਦੀਆਂ ਬਹੁਤੀਆਂ ਕਹਾਣੀਆਂ ਸੁਧਾਰਵਾਦੀ ਹੀ ਹੋ ਕੇ ਰਹਿ ਗਈਆਂ ਹਨ । ਸਮਾਜਵਾਦੀ ਅੰਸ਼ ਨੂੰ ਅਜੇ ਉਹ ਨਰੋਈ ਤਰ੍ਹਾਂ ਨਾਲ ਬਿੰਬਿਤ ਨਹੀਂ ਕਰ ਸਕੇ ।

ਸਮਾਜਵਾਦੀ ਯਥਾਰਥਵਾਦ ਦਾ ਵਰਨਣ ਪੰਜਾਬੀ ਕਹਾਣੀਆਂ ਵਿਚ ਸਮੁਚੇ ਤੋਰ ਤੇ ਚੰਗੇਰਾ ਹੀ ਉਲੀਕਿਆ ਜਾ ਰਹਿਆ ਹੈ ਅਤੇ ਇਸ ਵਿਸ਼ਯ ਨੂੰ ਬੜੀ ਸੋਹਣੀ ਤਰ੍ਹਾਂ ਨਾਲ ਨਿਭਾਉਣ ਦੀ ਯੋਗ ਸਫਲਤਾ ਪ੍ਰਾਪਤ ਹੋ ਰਹੀ ਹੈ ।

ਉਪਰੋਕਤ ਆਲੋਚਨਾਤਮਕ ਦ੍ਰਿਸ਼ਟੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪੰਜਾਬੀ ਸਾਹਿੱਤ ਵਿਚ ਅਜੇ ਸਮਾਜਵਾਦੀ ਯਥਾਰਥਵਾਦ ਪੂਰੀ ਸਫਲਤਾ ਨਾਲ ਅੰਕਿਤ ਨਹੀਂ ਹੋ ਸਕਿਆ । ਸਮਾਜਵਾਦੀ ਯਥਾਰਥਵਾਦ ਨੂੰ ਪੂਰੀ ਤਰ੍ਹਾਂ ਨਾਲ ਨਾ ਉਲੀਕਿਆ ਜਾਣਾ ਅਸਲ ਵਿਚ ਕੇਵਲ ਸਾਹਿੱਤਕਾਰਾਂ ਦਾ ਹੀ ਦੋਸ਼ ਨਹੀਂ, ਸਗੋਂ ਸਾਡੇ ਸਮਾਲੋਚਕਾਂ ਦਾ ਵੀ ਉੱਨਾ ਹੀ ਦੋਸ਼ ਹੈ। ਪੰਜਾਬੀ ਵਿਚ ਸਮਾਲੋਚਨਾ ਅਜੇ ਕੋਈ ਨਿਖਰਵੇਂ ਰੂਪ ਵਿਚ ਪ੍ਰਗਟ ਨਹੀਂ ਹੋਈ । ਵਿਗਿਆਨਕ ਅਤੇ ਤੀਖਣ ਬੌਧਿਕਤਾ ਦੀ ਅਹੋਂਦ ਦੇ ਕਾਰਣ ਪੰਜਾਬੀ ਸਮੀਖਿਆਕਾਰਾਂ ਨੇ ਸਾਹਿੱਤਕਾਰਾਂ ਨੂੰ ਸਮਾਜਵਾਦੀ ਯਥਾਰਥਵਾਦ ਨੂੰ ਉਲੀਕਨ ਲਈ ਕੋਈ ਨਰੋਏ ਤੋਰ ਤੇ ਨਹੀਂ ਪ੍ਰੇਰਿਆ । ਅਜੇ ਵੀ ਸਾਡੇ ਕਈ ਪੁਰਾਣੇ ਸਮਾਲੋਚਕਾਂ ਦਾ ਝੁਕਾਉ ਇਸ ਪਾਸੇ ਵਲ ਨਹੀਂ ਮੁੜਿਆ।

ਸੋ ਇਹੋ ਹੀ ਕਾਰਨ ਹੈ ਕਿ ਸਾਹਿੱਤਕਾਰ ਇਸ ਵਿਸ਼ਯ ਨੂੰ ਸਫਲਤਾ ਨਾਲ ਮੂਰਤੀ-ਮਾਨ ਕਰ ਸਕੇ । ਸਾਡੇ ਸਮਾਲੋਚਕਾਂ ਲਈ ਅਤੀ ਜ਼ਰੂਰੀ ਹੈ ਕਿ ਉਹ ਆ ਰਹੀਆਂ ਸਾਹਿੱਤਕ ਰਚਨਾਵਾਂ ਨੂੰ ਕੇਵਲ ਸਾਹਿੱਤਕਾਰ ਦੇ ਨਾਂ ਵੇਖ ਕੇ ਹੀ, ਉਨ੍ਹਾਂ ਦੀ ਪ੍ਰਸੰਸਾ ਨਾ ਕਰਨ, ਸਗੋਂ ਰਚਨਾ ਦੀ ਤਹਿ ਤਕ ਪਹੁੰਚ ਕੇ ਉਨ੍ਹਾਂ ਦੀ ਸਾਮਾਜਿਕ ਵਿਗਿਆਨਕ ਅਨੁਕੂਲ ਆਲੋਚਨਾ ਕਰਨ । ਸਮਾਲੋਚਕਾਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਜਿਸ ਰਚਨਾ ਤੇ ਆਲੋਚਨਾ ਕਰ ਰਹਿਆ ਹੋਵੇ, ਉਸ ਬਾਰੇ ਉਸ ਨੂੰ ਪੂਰਾ ਗਿਆਨ ਹੋਵੇ ਅਤੇ ਉਸ ਪ੍ਰਕਾਰ ਦੇ ਵਾਤਾਵਰਣ ਤੋਂ ਭਲੀ ਪ੍ਰਕਾਰ ਜਾਣੂ ਹੋਵੇ । ਜੇ ਕੋਈ ਸਮਾਲੋਚਕਾਂ ਇਸ ਪੱਖੋਂ ਤੋਂ ਊਣਾ ਹੋਵੇਗਾ ਤਾਂ ਉਹ ਕਤਈ ਤੌਰ ਤੇ ਠੀਕ ਆਲੋਚਨਾ ਨਹੀਂ ਕਰ ਸਕੇਗਾ ਅਤੇ ਸਾਹਿੱਤਕਾਰ ਦੀ ਕ੍ਰਿਤ ਦਾ ਵੀ ਯੋਗ ਮੁੱਲ ਨਹੀਂ ਪਾ ਸਕੇਗਾ ।

—o—

## ਪੰਜਾਬੀ ਸਾਹਿਤ ਅਕਾਡਮੀ ਦੀਆਂ ਹੁਣ ਤਕ ਛਪੀਆਂ ਪੁਸਤਕਾਂ

(ਤਰਤੀਬਵਾਰ)

੧. ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ (ਡਾ: ਗੰਡਾ ਸਿੰਘ) ੨)
੨. ਸੱਸੀ ਹਾਸ਼ਮ (ਪ੍ਰੋ: ਹਰਨਾਮ ਸਿੰਘ ਸ਼ਾਨ) (ਸਟਾਕ ਖਤਮ) ੭॥
੩. ਆਦਮੀ ਦੀ ਪਰਖ (ਸ: ਸ਼ਮਸ਼ੇਰ ਸਿੰਘ ਅਸ਼ੋਕ) ੧॥)
੪. ਪੰਜਾਬੀ ਭਾਸ਼ਾ ਦਾ ਇਤਿਹਾਸ (ਪ੍ਰੋ: ਵਿ. ਭਾ. ਅਰੁਣ) ੪।=)
੫. ਵਾਰ ਸ਼ਾਹ ਮੁਹੰਮਦ (ਪ੍ਰਿੰ: ਸੀਤਾ ਰਾਮ ਕੋਹਲੀ ਤੇ ਪ੍ਰੋ: ਸੇਵਾ ਸਿੰਘ ਐਮ.ਏ.) ੪)
੬. ਅਮਰ ਜੋਤੀ (ਸ੍ਰੀ ਗੁਰਾਂ ਦਿੱਤਾ ਖੰਨਾਂ) ੧)
੭. ਸ੍ਰੀ ਮਦ ਭਾਗਵਤ ਗੀਤਾ (ਸ: ਸ਼ਮਸ਼ੇਰ ਸਿੰਘ ਅਸ਼ੋਕ) ੨)
੮. ਪਰਾਰੰਭਿਕ ਅਰਥ ਵਿਗਿਆਨ (ਸ੍ਰੀ ਮਨੋਹਰ ਲਾਲ ਦਵੇਸ਼ਰ) ੬ ਰੁ:੮੦ ਨ.ਪੈ.
੯. ਅੱਗ ਦੀ ਕਹਾਣੀ (ਸ: ਗੁਰਬਚਨ ਸਿੰਘ ਐਮ. ਏ.) ੧)

ਆਰਡਰ ਲਈ ਲਿਖੋ :-

ਜਨਰਲ ਸਕੱਤ੍ਰ, ਪੰਜਾਬੀ ਸਾਹਿੱਤ ਅਕਾਡਮੀ,

੫੫੫ ਐਲ. ਮਾਡਲ ਟਾਊਨ, ਲੁਧਿਆਣਾ ।

ਸ਼ਾਂਤੀ ਦੇਵ—

# ਪ੍ਰਕ੍ਰਿਤੀ ਚਿਤ੍ਰਣ ਕਾਵਿ ਸ਼ੈਲੀ

ਬਿਆਨ ਢੰਗ ਜਾਂ ਕਥਨ ਢੰਗ ਦਾ ਨਾਂ ਸ਼ੈਲੀ ਹੈ। ਸੰਸਾਰ ਭਰ ਦੇ ਸਾਹਿੱਤ ਵਿਚ ਅਨੇਕ ਪ੍ਰਕਾਰ ਦੀਆਂ ਅਨੇਕ ਸ਼ੈਲੀਆਂ ਪਾਈਆਂ ਜਾਂਦੀਆਂ ਹਨ। "ਗ਼ਾਲਿਬ ਕਾ ਅੰਦਾਜ਼ੇ ਬਿਆਂ ਔਰ" ਦੀ ਤਰ੍ਹਾਂ ਹਰ ਮਹਾਨ ਸਾਹਿਤਕਾਰ ਦੀ ਸ਼ੈਲੀ ਮੌਲਿਕ, ਸੁਤੰਤ੍ਰ ਤੇ ਅੱਡਰੀ ਹੁੰਦੀ ਹੈ। ਇਕੋ ਵਿਸ਼ਯ-ਵਸਤੂ ਦਾ, ਵਿਚਾਰ ਅਤੇ ਭਾਵ ਦਾ ਬਿਆਨ ਦੁਨੀਆਂ ਦੇ ਮਹਾਨ ਸਾਹਿੱਤਕਾਰ ਵੱਖ ਵੱਖ ਸ਼ੈਲੀ ਰਾਹੀਂ ਕਰਦੇ ਆਏ ਹਨ ਤੇ ਅੱਜ ਵੀ ਕਰ ਰਹੇ ਹਨ। ਨਿਚਲੀ ਪੱਧਰ ਦੇ ਸਾਹਿਤਕਾਰ ਸਿਰਫ ਨਕਲ ਉਤਾਰਦੇ ਹਨ, ਜਾਂ ਕਿਤੇ ਕਿਤੇ ਨਕਲ ਵਿਚ ਅਕਲ ਘੁਸੇੜਦੇ ਹਨ, ਜਿਸ ਨੂੰ ਕਦੇ ਕਦੇ ਕਮਾਲ ਕਹਿਆ ਜਾ ਸਕਦਾ ਹੈ।

ਸ਼ੈਲੀ ਦਾ ਜਨਮ ਦੋ ਢੰਗ ਨਾਲ ਹੁੰਦਾ ਹੈ । ਇਕ ਕੁਦਰਤੀ-ਸੁਭਾਵਿਕ ਦੂਸਰੇ ਯਤਨ ਨਾਲ, ਨਵੀਂ ਕਾਢ ਜਾਂ ਨਵੇਂ ਨਵੇਂ ਪ੍ਰਯੋਗ ਕਰਣ ਨਾਲ । ਇਹ ਦੋਨੋਂ ਪ੍ਰਕਾਰ ਦੀਆਂ ਸ਼ੈਲੀਆਂ ਨਿਰਦੋਸ਼ ਵੀ ਹੋ ਸਕਦੀਆਂ ਹਨ ਅਤੇ ਘਟੀਆ ਤੋਂ ਘਟੀਆ ਵੀ।

ਉਪਰ ਕਹੀਆਂ ਗਈਆਂ ਦੋਨਾਂ ਸ਼ੈਲੀਆਂ ਵਿਚੋਂ ਸੁਭਾਵਿਕ ਸ਼ੈਲੀ ਆਪਣੇ ਆਪ ਪੁੰਗਰਦੀ ਹੈ ਤੇ ਕੁਦਰਤੀ ਰੂਪ ਪ੍ਰਾਪਤ ਕਰਦੀ ਹੈ। ਇਸ ਦਾ ਜਨਮ ਉਪਜਾਊ ਧਰਤ ਦੀ ਕੁੱਖ ਤੋਂ ਬਨਸਪਤੀ ਵਾਂਗ ਆਪਣੇ ਆਪ ਹੁੰਦਾ ਹੈ। ਇਸੇ ਲਈ ਇਸ ਦਾ ਜੁੱਸਾ ਵੀ ਸੁਭਾਵਿਕ ਨਜ਼ਰ ਆਉਂਦਾ ਹੈ। ਇਸ ਸ਼ੈਲੀ ਦਾ ਦਿਲ ਦੀ ਦੁਨੀਆਂ ਨਾਲ ਨੇੜ ਦਾ ਸੰਬੰਧ ਹੈ ਜੋ ਮਨੋ-ਵਿਗਿਆਨ ਪੱਖੋਂ ਵਧੇਰੇ ਨਿਰਦੋਸ਼ ਹੈ। 'ਲੋਕ-ਗੀਤ' ਇਸ ਦੇ ਨਿੱਗਰ ਪ੍ਰਮਾਣ ਹਨ । ਪਰ ਇਸ ਦਾ ਇਹ ਅਰਥ ਨਹੀਂ ਕਿ ਕੁਦਰਤੀ ਜੰਮੀਆਂ ਸ਼ੈਲੀਆਂ ਸੱਭੇ ਪੂਰਨ ਨਿਰਦੋਸ਼ ਹਨ, ਕਿਉਂਕਿ ਕਈ ਵਾਰ ਕਣਕਾਂ ਵਿਚ 'ਕਾਂਗਿਆਰੀ' ਅਤੇ ਉਸ ਦੀਆਂ ਨਾਲ ਲਗਦੀਆਂ ਭੈਣਾਂ ਵੀ ਜਨਮ ਲੈਂਦੀਆਂ ਹਨ। ਇਹੋ ਗਲ ਕੁਦਰਤੀ ਸ਼ੈਲੀਆਂ ਦੀ ਹੈ।

ਦੂਸਰੀ ਪ੍ਰਕਾਰ ਦੀ ਸ਼ੈਲੀ ਆਪਣੇ ਆਪ ਨਹੀਂ ਪੁੰਗਰਦੀ। ਇਸ ਤੋਂ ਉਲਟ ਉਸ ਨੂੰ ਪੈਦਾ ਕੀਤਾ ਜਾਂਦਾ ਹੈ । ਕਲਾਕਾਰ ਉਸ ਨੂੰ ਯਤਨ ਨਾਲ ਘੜਦਾ, ਬਣਾਉਂਦਾ ਅਤੇ ਸਿਰਜਦਾ ਹੈ। ਇਹ ਸ਼ੈਲੀ ਉਸ ਦੇ ਯਤਨ ਦਾ ਫਲ ਹੈ। ਇਸ

ਕਾਰਜ ਲਈ ਕਲਾਕਾਰ ਨੂੰ ਬੁਧੀ ਦੀ ਵਰਤੋਂ ਵਧੇਰੇ ਕਰਨੀ ਪੈਂਦੀ ਹੈ। ਜਨਮ ਤੋਂ ਬਾਅਦ ਅਭਿਆਸ ਇਸ ਨੂੰ ਨੇਪਰੇ ਚਾੜ੍ਹਦਾ ਹੈ। ਉਸ ਸ਼ੈਲੀ ਨੂੰ ਪੂਰਨਤਾ ਦੀ ਹਦ ਤਕ ਲੈ ਜਾਂਦਾ ਹੈ।

ਨਵੀਂ ਪੀੜ੍ਹੀ ਦੇ ਵਿਸ਼ੇਸ਼ ਕਰ ਨਵੇਂ ਵਿਚਾਰਾਂ ਦੇ ਲੋਕ ਨਵੀਆਂ ਕਾਵਾਂ ਨੂੰ ਵਧੇਰੇ ਮਹੱਤਤਾ ਦਿੰਦੇ ਹਨ। ਕਿਉਂਕਿ ਉਹਨਾਂ ਦੀ ਜਾਂਚੇ ਪੁਰਾਣੀ ਸ਼ੈਲੀ ਬੁਢੀ ਹੋ ਚੁਕੀ ਹੁੰਦੀ ਹੈ, ਨਵੀਂ ਸ਼ੈਲੀ ਜਵਾਨ ਹੁੰਦੀ ਹੈ । ਉਹ ਕਿਹੜਾ ਮੂਰਖ ਹੈ ਜਿਹੜਾ ਨਵੀਂ ਜਵਾਨੀ ਨੂੰ ਛਡ ਕੇ ਬੁਢਾਪੇ ਦੀਆਂ ਝੁਰੜੀਆਂ ਨਾਲ ਪਿਆਰ ਕਰੇ? ਅੰਗ੍ਰੇਜ਼ੀ ਦੇ ਟੀ. ਐਸ. ਈਲੀਅਡ ਤੇ ਉਸ ਦੇ ਸਾਥੀ ਇਧਰ ਹਾਲ ਵਿਚ ਲਿਖੀ ਜਾ ਰਹੀ ਹਿੰਦੀ ਦੀ ਪ੍ਰਯੋਗਵਾਦੀ ਕਵਿਤਾ ਦੇ ਮੋਢੀ ਕਲਾਕਾਰ ਇਸ ਦੇ ਪੱਖੀ ਹਨ।

ਉਪਰ ਕਹੀ ਗਈ ਗੱਲ ਕੋਈ ਅਟੱਲ ਸਚਾਈ ਨਹੀਂ ਕਿਉਂਕਿ ਪੁਰਾਣੀਆਂ ਸ਼ੈਲੀਆਂ ਆਪਣੇ ਵਿਚ ਉਹ ਗੁਣ ਅਤੇ ਵਿਸ਼ੇਸ਼ਤਾਈਆਂ ਰਖਦੀਆਂ ਹਨ ਜੋ ਨਵੀਆਂ ਜੁਆਨ ਸ਼ੈਲੀਆਂ ਵਿਚ ਵੇਖਣ ਨੂੰ ਨਹੀਂ ਮਿਲਦੀਆਂ ਅਰ ਦੂਜੇ ਪਾਸੇ ਨਵੇਂ ਪ੍ਰਯੋਗਾਂ ਵਿਚ ਉਹ ਵੰਨਗੀਆਂ ਹਨ ਜੋ ਪੁਰਾਣੀਆਂ ਸ਼ੈਲੀਆਂ ਵਿਚ ਦੁਰਲੱਭ ਹਨ। ਪਰ ਇਹ ਨਵੀਆਂ ਸ਼ੈਲੀਆਂ ਪੈਦਾ ਕਰਨ ਵਾਲਿਆਂ ਨੂੰ ਚੇਤੇ ਰੱਖ ਲੈਣਾ ਚਾਹੀਦਾ ਹੈ ਕਿ ਨਵੀਂ ਕਾਵ-ਸ਼ੈਲੀ ਕਿਤੇ ਨਵੀਂ ਬਣ ਕੇ ਨਾ ਰਹਿ ਜਾਏ ਕਿਉਂਕਿ ਕਿਸੇ ਵੀ ਪ੍ਰਕਾਰ ਦੀ ਸ਼ੈਲੀ ਦਾ ਕਲਾਤਮਕ ਹੋਣਾ ਅਤਿ ਜ਼ਰੂਰੀ ਹੈ।

ਸਾਨੂੰ ਸ਼ੈਲੀ ਦੀ ਪੂਰਨਤਾ ਅਤੇ ਨਿਰਦੋਸ਼ਤਾ ਦੀ ਪਰਖ ਕਰਨ ਲਗਿਆਂ ਕਿਸੇ ਸ਼ੈਲੀ ਦੇ ਪੁਰਾਣੀ ਅਤੇ ਨਵੀਂ ਹੋਣ ਦੇ ਕਾਰਨ ਹੀ ਉਸ ਦੇ ਘਟੀਆ ਜਾਂ ਵਧੀਆ ਹੋਣ ਦਾ ਨਿਰਣਾ ਨਹੀਂ ਕਰ ਦੇਣਾ ਚਾਹੀਦਾ, ਕਿਉਂਜੋ ਸ਼ੈਲੀ ਲਈ ਹੇਠ ਲਿਖੀਆਂ ਗਲਾਂ ਖਾਸ ਮਹੱਤਤਾ ਪੂਰਨ ਹਨ:— (੧) ਪੂਰਨ ਵਿਅੰਜਨਾ, (੨) ਪ੍ਰਭਾਵਸ਼ਾਲੀ ਰੂਪ, (੩) ਵਿਸ਼ਯ-ਵਸਤੂ ਅਤੇ ਭਾਵ ਨਾਲ ਸ਼ੈਲੀ ਦਾ ਸੁਮੇਲ, (੪) ਸੰਵੇਦਨਾਮਈ ਰਸ ਉਪਜਾਊ ਗੁਣ, (੫) ਸ਼ਬਦਾਂ ਦੀ ਜਾਦੂਗਰੀ ਤੋਂ ਮੁਕਤ । ਇਹ ਸ਼ੈਲੀ ਗੁਣਾਂ ਵਿਚ ਸੰਸਲਿਸ਼ਟਤਾ ਹੋਣਾ ਅਤਿ ਜ਼ਰੂਰੀ ਹੈ। ਜਿਸ ਦੇ ਬਿਨਾਂ ਉਪਰ ਦੇ ਗੁਣ ਨਹੀਂ ਰਹਿ ਸਕਦੇ। ਉਪਰਲੇ ਸ਼ੈਲੀ ਗੁਣਾਂ ਨੂੰ ਸੇਧ ਵਿਚ ਰਖਦੇ ਹੋਏ ਅਸੀਂ ਕੁਝ ਅਜਿਹੀਆਂ ਸ਼ੈਲੀਆਂ ਦਾ ਵਰਣਨ ਕਰਦੇ ਹਾਂ ਜਿਹੜੀਆਂ ਪ੍ਰਕਿਰਤੀ ਚਿਤਰਣ ਲਈ ਵਧੇਰੇ ਜ਼ਰੂਰੀ ਹਨ।

੧. ਸੁਤੰਤ੍ਰ ਪ੍ਰਕ੍ਰਿਤੀ-ਚਿਤ੍ਰਨ:— ਸੁਤੰਤ੍ਰ ਪ੍ਰਕ੍ਰਿਤੀ-ਚਿਤ੍ਰਨ ਨੂੰ ਭੀ ਦੂਸਰੇ ਸ਼ਬਦਾਂ ਵਿਚ 'ਅਵਲੰਬਨ' ਪ੍ਰਕ੍ਰਿਤੀ-ਚਿਤ੍ਰਨ ਕਹਿਆ ਜਾਂਦਾ ਹੈ। ਇਸ ਵਿਚ ਪ੍ਰਕ੍ਰਿਤੀ ਕਵਿਤਾ ਦਾ ਮੁਖ ਵਿਸ਼ਾ ਜਾਂ ਸੁਤੰਤ੍ਰ ਅਵਲੰਬਨ ਹੁੰਦੀ ਹੈ। ਕਾਲੀ ਦਾਸ ਦਾ 'ਮੇਘ ਦੂਤ' ਇਸ ਦਾ ਇਕ ਸੁੰਦਰ ਉਦਾਹਰਣ ਹੈ।

ਮੇਰੀ ਜਾਚੇ ਕੋਈ ਵੀ ਕਵੀ ਉਸ ਵੇਲੇ ਤਕ ਕੁਦਰਤ ਦਾ ਕਵੀ ਕਹਿਲਾਉਣ

ਦਾ ਹੱਕਦਾਰ ਨਹੀਂ ਜਦੋਂ ਤਕ ਉਹ ਪ੍ਰਕ੍ਰਿਤੀ ਨੂੰ ਅਵਲੰਬਨ ਰੂਪ ਵਿਚ ਲੈਕੇ ਉਸ ਦਾ ਚਿਤ੍ਰਨ ਨਹੀਂ ਕਰਦਾ । ਕਿਉਂਕਿ ਅਵਲੰਬਨ ਦਾ ਅਰਥ ਹੈ ਮੁਖ ਵਿਸ਼ਾ ਜਾਂ ਮੁਖ ਆਧਾਰ। ਕੋਈ ਵੀ ਕਵੀ ਜਦੋਂ ਵੀ ਕਿਸੇ ਰਚਨਾ ਦੀ ਸਿਰਜਨਾ ਕਰਦਾ ਹੈ ਉਸ ਵੇਲੇ ਉਸ ਦੇ ਸਾਹਮਣੇ ਕੋਈ ਨਾ ਕੋਈ ਇਹੋ ਜਹੀ ਮੁਖੀ ਗਲ ਹੁੰਦੀ ਹੈ ਜਿਸ ਨੂੰ ਉਹ ਪ੍ਰਗਟਾਉਣਾ ਚਾਹੁੰਦਾ ਹੈ। ਉਸ ਵੇਲੇ ਉਸ ਦੀ ਕਵਿਤਾ ਦਾ ਮੁਖ ਵਿਸ਼ਾ ਉਹ ਗਲ ਜਾਂ ਵਿਚਾਰ ਕਹਿਆ ਜਾਂਦਾ ਹੈ ਅਤੇ ਕਵੀ ਵੀ ਉਸ ਵਿਸ਼ਯ ਦਾ ਕਵੀ ਮੰਨਿਆ ਜਾਂਦਾ ਹੈ। ਜਿਵੇਂ ਭਾਈ ਵੀਰ ਸਿੰਘ ਦਾ ਉਦਾਹਰਣ ਲਵੋ। ਭਾਈ ਵੀਰ ਸਿੰਘ ਦੀ ਕਵਿਤਾ ਦਾ ਮੁਖ-ਵਿਸ਼ਾ ਅਧਿਆਤਮਵਾਦੀ ਰਹੱਸਵਾਦ ਜਾਂ ਪ੍ਰਮਾਤਮਾ ਹੈ । ਉਹ ਪ੍ਰਕ੍ਰਿਤੀ ਦੇ ਕਵੀ ਨਹੀਂ ਹਨ ਕਿਉਂਕਿ 'ਪ੍ਰਕ੍ਰਿਤੀ ਉਹਨਾਂ ਦੀ ਕਵਿਤਾ ਦਾ ਮੁਖ-ਵਿਸ਼ਾ ਨਹੀਂ, ਇਸੇ ਲਈ ਪ੍ਰਕ੍ਰਿਤੀ-ਚਿਤ੍ਰਨ ਨੂੰ ਹੀ ਮੁਖ ਰਖ ਕੇ ਪ੍ਰਕਿਰਤੀ-ਚਿਤ੍ਰਨ ਕਰਨ ਵਾਲਾ ਕਵੀ ਹੀ ਪ੍ਰਕ੍ਰਿਤੀ ਦਾ ਕਵੀ ਕਹਿਲਾ ਸਕਦਾ ਹੈ, ਦੂਸਰਾ ਨਹੀਂ । ਸੋ ਪ੍ਰਕ੍ਰਿਤੀ ਨੂੰ ਸੁਤੰਤ੍ਰ-ਅਵਲੰਬਨ ਰੂਪ ਵਿਚ ਲੈ ਕੇ ਚਲਣਾ ਜ਼ਰੂਰੀ ਹੈ। ਦੂਸਰੇ ਪ੍ਰਕ੍ਰਿਤੀ ਨੂੰ ਸੁਤੰਤ੍ਰ ਰੂਪ ਵਿਚ ਲੈ ਕੇ ਚਲਣ ਦਾ ਇਕ ਹੋਰ ਵੀ ਕਾਰਣ ਹੈ, ਉਹ ਕਾਰਨ ਹੈ 'ਕਿਸੇ ਵਸਤ ਦਾ ਸਹੀ ਵਰਣਨ'। ਕਿਸੇ ਵਸਤ ਦਾ ਚਿਤ੍ਰਨ ਲਗ-ਲਪੇਟ ਤੋਂ ਬਿਨਾਂ ਕਰਨਾ ਅਜ ਦੇ ਸੰਸਾਰ ਸਾਹਿਤ ਦਾ ਮਹਾਨ ਸਿਧਾਂਤ ਹੈ। ਅਜ ਦਾ ਯੁਗ ਵਿਗਿਆਨ ਦਾ ਯੁਗ ਹੈ, ਬੁਧੀ ਦਾ ਯੁਗ ਹੈ। ਇਸ ਯੁਗ ਵਿਚ ਯਥਾਰਥਵਾਦ ਦੀ ਪ੍ਰਧਾਨਤਾ ਹੈ। ਵਿਗਿਆਨ ਨੇ ਰੀਅਲਿਜ਼ਮ (Realism) ਨੂੰ ਜਨਮ ਦਿਤਾ ਹੈ।

ਇਸ ਰੀਅਲਿਜ਼ਮ (Realism) ਦੇ ਯੁਗ ਵਿਚ ਵੀ ਕਿਸੇ ਵਸਤੂ ਨੂੰ ਉਸ ਦੇ ਸਹੀ ਰੂਪ ਵਿਚ, ਯਥਾਰਥ ਰੂਪ ਵਿਚ ਨਾ ਵੇਖ ਕੇ ਆਪਣੇ ਨਿਜੀ ਮਨੋਭਾਵਾਂ ਦੇ ਰੰਗ ਵਿਚ ਰੰਗ ਕੇ ਵੇਖਣਾ ਵਸਤੁ ਦੇ ਸਹੀ ਰੂਪ ਵਿਚ ਚਿਤ੍ਰਿਆ ਜਾਵੇ । ਸਹੀ ਰੂਪ ਦੀ ਅਤੇ ਸਚਾਈ ਦੀ, ਵਿਅੰਜਨਾ ਵਿਚ ਹੀ ਸਾਹਿਤ ਦੀ ਮਹੱਤਤਾ ਹੈ।

ਇਹ ਸਾਹਿਤ-ਸਿਧਾਂਤ ਇਕ ਠੋਸ ਸਿਧਾਂਤ ਹੈ । ਯਥਾਰਥਕ ਹੈ, ਮਨੋ-ਵਿਗਿਆਨ ਅਤੇ ਸਮਾਜ-ਸ਼ਾਸਤਰਾਂ ਦੇ ਨੇੜੇ ਹੈ। ਇਸ ਸਿਧਾਂਤ ਨੂੰ ਮੁਖ ਰਖ ਕੇ ਇਹ ਕਹਿਣਾ ਯੋਗ ਹੈ ਕਿ ਪ੍ਰਕ੍ਰਿਤੀ ਦਾ ਸੁਤੰਤ੍ਰ ਚਿਤ੍ਰਨ ਸਾਹਿਤ ਵਿਚ ਜ਼ਰੂਰੀ ਹੈ। ਕਿਉਂਜੋ ਇਸ ਨਾਲ ਪ੍ਰਕ੍ਰਿਤੀ ਦਾ ਪਿੰਡਾ ਲਿਸ਼ਕ ਕੇ ਸਾਹਮਣੇ ਆਉਂਦਾ ਹੈ। ਪਾਠਕ ਨੂੰ ਉਸ ਦੇ ਸਹੀ ਰੂਪ ਦਾ ਗਿਆਨ ਹੁੰਦਾ ਹੈ। ਪਰ ਇਸ ਦਾ ਅਰਥ ਪ੍ਰਕ੍ਰਿਤੀ ਦੇ ਤੱਤਾਂ ਦਾ ਵਿਵੇਚਨ ਨਹੀਂ ਲੈ ਲੈਣਾ ਚਾਹੀਦਾ "ਕਿਉਂਕਿ ਪ੍ਰਕ੍ਰਿਤੀ ਦੇ ਤੱਤਾਂ ਦੀ ਵਿਵੇਚਨਾ ਦਰਸ਼ਨ ਅਤੇ ਵਿਗਿਆਨ ਦਾ ਕਰਮ ਹੈ ਅਰ ਪ੍ਰਕ੍ਰਿਤੀ ਦੇ ਤੱਤਾਂ ਦੇ ਵਿਵੇਚਨ ਤੋਂ ਪ੍ਰਗਟ ਹੋਣ ਵਾਲੇ ਉਸ ਦੇ ਸੁਤੰਤ੍ਰ ਵਿਵਹਾਰਕ ਰੂਪ ਭਾਵ ਦੀ ਵਿਅੰਜਨਾ ਸਾਹਿਤ ਦਾ ਕਰਮ ਹੈ।

ਹਿੰਦੀ ਦੇ ਪ੍ਰਸਿਧ ਸ੍ਵਰਗਵਾਸੀ ਆਲੋਚਕ ਰਾਮ ਚੰਦਰ ਸ਼ੁਕਲ ਪ੍ਰਕਿਰਤੀ ਦੇ

ਸਵਤੰਤ੍ਰ-ਚਿਤ੍ਰਨ ਦਾ ਪ੍ਰਸ਼ਨ ਹਿੰਦੀ ਸਾਹਿਤਕਾਰਾਂ ਅਗੇ ਅੱਜ ਤੋਂ ਕਈ ਸਾਲ ਪਹਿਲੋਂ ਉਠਾ ਚੁਕੇ ਹਨ।

੨. **ਸਜੀਵ ਪ੍ਰਕ੍ਰਿਤੀ-ਚਿਤ੍ਰਨ:**— ਪ੍ਰਕ੍ਰਿਤੀ ਸਜੀਵ ਹੈ ਅਤੇ ਉਸ ਦਾ ਸਜੀਵ ਚਿਤ੍ਰਨ ਸਾਹਿਤ ਵਿਚ ਜ਼ਰੂਰੀ ਹੈ, ਸਾਰਥਕ ਹੈ। ਕਿਉਂਕਿ ਕਲਾ ਦਾ ਧਰਮ ਜੜ ਨੂੰ ਚੇਤਨ ਬਨਾਉਣਾ ਹੈ ਨਾਕਿ ਚੇਤਨ ਨੂੰ ਜੜ ਅਤੇ ਜੜ ਨੂੰ ਵੀ ਹੋਰ ਜੜ।

ਜਿਵੇਂ ਇਕ ਸ਼ਿਲਪੀ ਜਿਹੜਾ ਕਿ ਸਥੂਲ ਅਤੇ ਨਿਰਜੀਵ ਸਾਧਨਾਂ ਦਾ ਸਹਾਰਾ ਲੈਂਦਾ ਹੈ ਅਤੇ ਉਹਨਾਂ ਸਥੂਲ ਨਿਰਜੀਵ ਔਜ਼ਾਰਾਂ ਨਾਲ ਨਿਰਜੀਵ ਪੱਥਰ ਨੂੰ, ਮਿੱਟੀ ਨੂੰ, ਧਾਤਾਂ ਨੂੰ ਸਜੀਵ ਰੂਪ ਦੇ ਦੇਂਦਾ ਹੈ, ਮੂਰਤੀ ਵਿਚ ਜਾਨ ਪਾ ਦਿੰਦਾ ਹੈ। ਇਹੀ ਹਾਲ ਚਿਤ੍ਰਕਾਰ ਦਾ ਹੈ। ਫੇਰ ਇਕ ਕਵੀ ਜਿਸ ਕੋਲ ਸਜੀਵ ਪ੍ਰਕ੍ਰਿਤੀ ਹੈ, ਸ਼ਬਦ-ਅਰਥ ਸਜੀਵ ਸੂਖਮ ਸਾਧਨ ਹਨ, ਕਵੀ ਪ੍ਰਤਿਭਾ ਹੈ ਅਤੇ ਉਸ ਤੋਂ ਪੈਦਾ ਹੋਣ ਵਾਲੀ ਕਲਪਣਾ ਹੈ, ਸੂਝ ਹੈ ਅਤੇ ਜੇ ਫੇਰ ਵੀ ਉਸ ਦੀ ਵਿਅੰਜਨਾ ਸਜੀਵ ਨਹੀਂ ਹੁੰਦੀ ਤਾਂ ਉਸ ਦੀ ਕਲਾ, ਕਲਾ ਨਹੀਂ, ਪ੍ਰਕ੍ਰਿਤੀ ਚਿਤ੍ਰਨ, ਪ੍ਰਕ੍ਰਿਤੀ ਚਿਤ੍ਰਨ ਨਹੀਂ, ਇਹੋ ਜਹੀ ਕਲਾ-ਕਵਿਤਾ ਵਿਚ ਨਾ ਸੰਵੇਦਨਾਤਮ ਰਸ ਹੁੰਦਾ ਹੈ ਨਾ ਸੁਹਜ-ਸੁਆਦ ਜੋ ਕਲਾ ਵਿਚ ਇਕ ਜ਼ਰੂਰੀ ਅੰਗ ਹੈ। ਜਿਸ ਤੋਂ ਬਿਨਾ ਕਲਾ, ਕਲਾ ਨਹੀਂ ਅਤੇ ਸਾਹਿਤ, ਸਾਹਿਤ ਨਹੀਂ। ਇਸ ਲਈ ਇਹ ਜ਼ਰੂਰੀ ਹੈ ਕਿ ਸਾਹਿਤ ਵਿਚ ਪ੍ਰਕ੍ਰਿਤੀ ਦੀ ਸਜੀਵ ਵਿਅੰਜਨਾ ਕੀਤੀ ਜਾਵੇ।

ਭਾਈ ਵੀਰ ਸਿੰਘ ਦੀ 'ਪ੍ਰੀਤ ਵੀਣਾ' ਦੀ ਇਹ ਪਹਿਲੀ ਕਵਿਤਾ ਸਜੀਵ ਪ੍ਰਕ੍ਰਿਤੀ ਚਿਤ੍ਰਨ ਦਾ ਸੁੰਦਰ ਉਦਾਹਰਣ ਹੈ:

"ਸ਼ਾਮਾਂ ਪੈ ਗਈਆਂ
ਲਹਿਰਾਂ ਸੌਂ ਗਈਆਂ
ਪਾਣੀ ਸੀਨੇ ਲਗ ਲਹਿਰਾਂ ਸੌਂ ਗਈਆਂ
ਸਾਰਾ ਦਿਨ ਸਨ ਨਚਦੀਆਂ ਰਹੀਆਂ
ਨਚ ਨਚ ਕੇ ਹੁਣ ਥਕ ਥਕ ਪਈਆਂ
ਸੋਹਲ ਜਿੰਦੀਆਂ ਸੋਹਣੀਆਂ ਸਹੀਆਂ
ਛਾਤੀ ਤੇ ਸਿਰ ਰਖ ਲਹਿਰਾਂ ਸੌਂ ਗਈਆਂ।

ਕਵਿਤਾ ਵਿਚ ਪ੍ਰਕ੍ਰਿਤੀ-ਚਿਤ੍ਰਨ ਘੱਟ ਤੋਂ ਘੱਟ ਇਸ ਪੱਧਰ ਦਾ ਹੋਣਾ ਚਾਹੀਦਾ ਹੈ।

**ਸੰਸਲਿਸ਼ਟ-ਗੁੰਦਿਆ ਪ੍ਰਕ੍ਰਿਤੀ-ਚਿਤ੍ਰਨ:**— ਗੁੰਦੇ ਪ੍ਰਕ੍ਰਿਤੀ-ਚਿਤ੍ਰਨ ਦਾ ਅਰਥ ਹੈ ਕਿ ਪ੍ਰਕ੍ਰਿਤੀ ਦੇ ਜਿਸ ਰੂਪ ਦਾ ਪ੍ਰਗਟਾ ਹੋਵੇ, ਉਸ ਰੂਪ ਦੇ ਇਕ ਅੰਗ ਦਾ, ਰੂਪ ਅਤੇ ਰੰਗ ਦਾ, ਅੰਦਰ ਦਾ, ਬਾਹਰ ਦਾ, ਕਿਰਿਆ ਅਤੇ ਕਰਮ ਦਾ, ਵਿਸ਼ੇਸ਼ ਕਰ ਉਸ ਦੇ ਬਿੰਬ-ਪ੍ਰਤੀਬਿੰਬ ਭਾਵ ਦਾ, ਆਸ ਪਾਸ ਤੇ ਪਏ ਉਸ ਦੇ ਪ੍ਰਭਾਵ

ਦਾ ਆਪਸ ਵਿਚ ਗੁੰਦਿਆ ਪ੍ਰਕ੍ਰਿਤੀ-ਚਿਤ੍ਰਨ ।

ਪ੍ਰਕ੍ਰਿਤੀ ਦਾ ਪ੍ਰਗਟਾ ਚਾਹੇ ਕਿਸੇ ਵੀ ਸ਼ੈਲੀ ਵਿਚ ਹੋਵੇ, ਪਰ ਉਸ ਦਾ ਗੁੰਦਿਆ ਹੋਣਾ ਜ਼ਰੂਰੀ ਲੱਛਣ ਹੈ। ਚਾਹੇ ਉਹ ਸਜੀਵ ਪ੍ਰਕ੍ਰਿਤੀ ਚਿਤ੍ਰਨ ਹੈ ਜਾਂ ਸੁਤੰਤ੍ਰ ਕਿਉਂਕਿ ਪ੍ਰਕ੍ਰਿਤੀ ਦੇ ਵਖ ਵਖ ਰੂਪਾਂ ਦੇ ਵਖ ਵਖ ਤਰੀਕਿਆਂ ਨਾਲ ਨਾਂ ਗਿਣਾ ਦੇਣਾ ਪ੍ਰਕ੍ਰਿਤੀ ਚਿਤ੍ਰਨ ਨਹੀਂ, ਕੋਸ਼ਕਾਰੀ ਬੇਸ਼ਕ ਕਹਿ ਲਵੋ ਪਰ ਉਹ ਵੀ ਅਧੂਰੀ ।

ਸੰਸਲਿਸ਼ਟ ਗੁਣ ਰਹਿਤ ਪ੍ਰਕ੍ਰਿਤੀ ਚਿਤ੍ਰਨ ਤਾਂ ਸੰਸਕ੍ਰਿਤ ਦੇ 'ਅਮਰ ਕੋਸ਼' ਦੇ ਨਦੀ-ਪੁਸ਼ਪ ਵਰਗ ਆਦਿ ਦਾ ਵੀ ਮੁਕਾਬਲਾ ਨਹੀਂ ਕਰ ਸਕਦਾ ਹੈ। ਜਿਸ ਵਿਚ ਵੇਰਵੇ ਨਾਲ ਇਕ ਇਕ ਫੁੱਲ ਦੀਆਂ ਵੱਖ ਵੱਖ ਜਾਤਾਂ ਦਾ, ਫੁੱਲਾਂ ਦੇ ਰੰਗਾਂ ਦਾ, ਆਪਸੀ ਅੰਤਰ, ਬਾਰੀਕ ਅਰਥ ਭੇਦ ਦਾ ਛੰਦ ਤੋਲ ਰਾਹੀਂ ਵਰਣਨ ਹੈ।

ਕਾਲੀ ਦਾਸ ਦੀ ਅਮਰ ਰਚਨਾ 'ਮੇਘਦੂਤ' (ਸਮੁਚੀ ਰਚਨਾ) ਸੰਸਲਿਸ਼ਟ ਸ਼ਲੀ ਦਾ ਸੁੰਦਰ ਅਤੇ ਬੇਜੋੜ ਨਮੂਨਾ ਹੈ। ਜਿਸ ਦੇ ਮੁਕਾਬਲੇ ਦਾ ਉਦਾਹਰਣ ਸੰਸਾਰ ਭਰ ਦੇ ਸਾਹਿਤ ਵਿਚ ਮਿਲਣਾ ਅਸੰਭਵ ਹੈ । ਪੰਜਾਬੀ ਸਾਹਿਤ ਵਿਚ ਗੁੰਦਿਆ ਪ੍ਰਕ੍ਰਿਤੀ ਚਿਤ੍ਰਨ ਨਾਂ ਲੈਣ ਮਾਤਰ ਹੈ।

ਪੰਜਾਬੀ ਦੇ ਮਾਸਿਕ ਪੱਤਰ 'ਪ੍ਰੀਤ ਲੜੀ' ਦੇ ਅਪ੍ਰੈਲ ੧੯੫੯ ਅੰਕ ਵਿਚ ਛਪੀ ਸ੍ਰੀ ਕਰਨਜੀਤ ਦੀ ਨਜ਼ਮ 'ਤੇਰਾ ਖਿਆਲ' ਪੰਨਾ ੪੭ ਇਸ ਸ਼ੈਲੀ ਦਾ ਸੁੰਦਰ ਉਦਾਹਰਣ ਹੈ।

"ਦੂਰ ਦਿਸ-ਹੱਦੇ ਤੇ ਜਦ ਪਛਮ ਦੀ ਅੱਖ,  
ਖ਼ੂਨ ਦੇ ਹੰਝੂ ਹਿਜਰ ਵਿਚ ਡੋਲ੍ਹਦੀ।  
ਉਦਾਸੀ ਪੌਣ ਦੇ ਤੜਪਦੇ ਸਾਹਾਂ ਦੀ ਸੁਗੰਧ;  
ਫਿਜ਼ਾ ਦੇ ਚੁਪ ਨੈਣਾਂ ਦੀ ਕਹਾਣੀ ਖੋਲ੍ਹਦੀ ।  
ਦਿਲ-ਝੀਲ ਵਿਚ ਲਹਿਰੌਣ ਲਗ ਜਾਂਦੇ ਤਿਰਾ ਸਾਇਆ,  
ਜਾਂਦਾ ਨਹੀਂ ਸ਼ੀਸ਼ੇ 'ਚ ਜਿਹੜਾ ਵਾਲ ਆ ਜਾਂਦੇ,  
ਤੇਰਾ ਖਿਆਲ ਆ ਜਾਂਦੇ ।

ਹਿੰਦੀ ਦੇ ਪ੍ਰਸਿੱਧ ਪ੍ਰਕ੍ਰਿਤੀ ਕਵੀ ਪੰਤ ਦੀ "ਪਰਿਵਰਤਣ" ਨਾਂ ਦੀ ਕਵਿਤਾ ਭਾਰਤੀ ਸਾਹਿਤ ਵਿਚ ਸੰਸਲਿਸ਼ਟਤਾ ਦਾ ਇਕ ਸੁੰਦਰ ਨਮੂਨਾ ਹੈ ।

੪. ਮਾਨਵੀ ਕਰਨ — ਮਾਨਵੀਕਰਨ ਦਾ ਵਿਸ਼ਾਲ ਵਿਆਪਕ ਅਰਥ ਹੈ, "ਪ੍ਰਕ੍ਰਿਤੀ ਤੇ ਸਨੁਖੀ ਚੇਤਨਾ ਦਾ ਆਰੋਪ। ਇਹ ਆਰੋਪ ਬਿਨਾਂ ਲਿੰਗ ਭੂਪ ਤੋਂ ਵੀ ਹੋ ਸਕਦਾ ਹੈ। ਇਸਤ੍ਰੀ-ਲਿੰਗ ਦੇ ਰੂਪ ਵਿਚ ਵੀ ਅਤੇ ਪੁਲਿੰਗ ਦੇ ਰੂਪ ਵਿਚ ਵੀ। ਪਰ ਅਸੀਂ ਇਥੇ ਮਾਨਵੀਕਰਨ ਦਾ ਸਮੁੱਚਾ ਘੇਰਾ ਨਾ ਲੈਂਦੇ ਹੋਏ ਇਕ ਪਹਿਲੂ ਨੂੰ ਲੈਂਦੇ ਹਾਂ। ਉਹ ਪਹਿਲੂ ਹੈ ਪ੍ਰਕ੍ਰਿਤੀ। 'ਨਾਰੀ ਚੇਤਨਾ' ਜਾਂ

ਨਾਰੀ ਦਾ ਆਰੋਪ ।"

ਪ੍ਰਕ੍ਰਿਤੀ ਦੇ ਇਸਤ੍ਰੀ-ਲਿੰਗ ਰੂਪਾਂ ਤੇ ਨਾਰੀ ਦਾ ਆਰੋਪ ਕਰਕੇ ਪ੍ਰਕ੍ਰਿਤੀ ਚਿਤ੍ਰਨ ਦੀ ਪ੍ਰਥਾ ਭਾਰਤੀ ਸਾਹਿਤ ਦੀ ਇਕ ਪੁਰਾਣੀ ਪ੍ਰਥਾ ਹੈ। ਪਰ ਅੱਜ ਦੇ ਯੁੱਗ ਵਿਚ ਇਸ ਸ਼ੈਲੀ ਦੀ ਵਰਤੋਂ ਹਦੋਂ ਵਧ ਹੋਈ ਹੈ ਅਤੇ ਹੋ ਰਹੀ ਹੈ। ਹਿੰਦੀ ਦੀ ਛਾਇਆ ਵਾਦੀ ਕਵਿਤਾ ਵਿਚ ਇਸ ਸ਼ੈਲੀ ਦੀ ਪ੍ਰਧਾਨਤਾ ਹੈ। ਹਰ ਇਕ ਕਵੀ ਨੇ ਇਸ ਸ਼ੈਲੀ ਨੂੰ ਅਪਨਾਇਆਂ ਹੈ, ਪਰ ਸਫਲਤਾ ਹਰ ਇਕ ਨੂੰ ਨਹੀਂ ਮਿਲ ਸਕੀ। ਕਈ ਕਲਾਕਾਰ ਤੇ ਲਕੀਰ ਦੇ ਫਕੀਰ ਬਣ ਕੇ ਧੂੜ ਹੀ ਫੱਕਦੇ ਹਨ। ਕਿਉਂਕਿ ਕਵੀ ਕਰਮ ਦੀ ਸਫਲਤਾ ਮਨਮਾਨੇ ਆਰੋਪ ਕਰਨ ਵਿਚ ਨਹੀਂ, ਕਵੀ ਦਾ ਉਹੀ ਆਰੋਪ ਉਚਿਤ ਮੰਨਿਆ ਜਾ ਸਕਦਾ ਹੈ, ਜੋ ਹਿਰਦੇ ਭਾਵ ਛਡਦਾ ਹੋਵੇ। ਵਰਨਤ ਵਸਤੂ ਅਤੇ ਅਰੋਪ ਵਸਤੂ ਦੀ ਸਮਾਨਤਾ ਜ਼ਰੂਰੀ ਹੈ। ਪਰ ਇਹ ਸਮਾਨਤਾ ਸਫਲ ਤਦ ਹੀ ਹੋ ਸਕਦੀ ਹੈ ਜੇ ਕਲਾਕਾਰ ਇਸ ਅਨੰਤ ਪ੍ਰਕ੍ਰਿਤੀ ਸੰਸਾਰ ਦੀ ਸੂਖਮ ਤੋਂ ਸੂਖਮ ਵਿਅੰਜਨਾ ਦਾ ਡੂੰਘਾ ਪਾਰਖੂ ਹੋਵੇ।

ਜਿਹੜੇ ਮਨਮਾਨੇ ਆਰੋਪ ਪ੍ਰਕ੍ਰਿਤੀ ਦੇ ਇਸ਼ਾਰੇ ਤੇ ਨਹੀਂ ਗੁੰਦੇ, ਉਹ ਹਿਰਦੇ ਦੀ ਤਹਿ ਤਕ ਨਹੀਂ ਪਹੁੰਚਦੇ ਅਤੇ ਪ੍ਰਭਾਵ ਵੀ ਉਤਪਨ ਨਹੀਂ ਕਰਦੇ। ਅਜਿਹੇ ਬੇਤੁਕੇ ਆਰੋਪ ਪਾਠਕ ਦੇ ਮਨ ਵਿਚ ਸਿਰਫ ਹੈਰਾਨੀ ਪੈਦਾ ਕਰਕੇ ਰਹਿ ਜਾਂਦੇ ਹਨ।

ਹਿੰਦੀ ਦੇ ਪ੍ਰਸਿੱਧ ਪ੍ਰਕ੍ਰਿਤੀ ਕਵੀ ਪੰਤ ਜੀ ਵੀ ਕਈ ਵਾਰ ਬੇਤੁਕੇ ਆਰੋਪ ਕਰਨ ਵਿਚ ਹੀ ਸਾਰਥਕਤਾ ਸਮਝ ਬੈਠਦੇ ਹਨ, ਜਿਵੇਂ ਚਾਂਦਨੀ ਤੇ ਰੋਗੀ ਨਾਰੀ ਦਾ ਆਰੋਪ ਕਰਦੇ ਹਨ :-

ਜਗ ਕੇ ਦੁਖ ਦੈਨਯ ਸੁਯਨ ਪਰ
ਰੁਗਨਾ ਜੀਵਨ ਬਾਲਾ
ਪੀਲੀ ਪਰ ਨਿਰਬਲ ਕੋਮਲ
ਕ੍ਰਿਸ਼ ਦੇਹ ਲਤਾ ਕੁਮਲਾਈ।

ਅਰਥਾਤ 'ਸੰਸਾਰ ਦੀ ਦੁਖਾਂ ਭਰੀ ਸੇਜ ਤੇ ਇਹ ਜ਼ਿੰਦਗੀ ਦੀ ਰੋਗਣ ਬਾਲਾ ਲੇਟ ਰਹੀ ਹੈ, ਜਿਸ ਦੀ ਪੀਲੀ, ਨਿਰਬਲ, ਕੋਮਲ ਅਤੇ ਕੰਮਜ਼ੋਰ ਦੇਹ-ਲਤਾ ਕੁਮਲਾ ਗਈ ਹੈ।'

ਚਾਂਦਨੀ ਇਸ ਤਰ੍ਹਾਂ ਦੀ ਭਾਵਨਾ ਆਪਣੇ ਆਪ ਪੈਦਾ ਨਹੀਂ ਕਰਦੀ। ਚਾਂਦਨੀ ਨੂੰ ਰੋਗਣ ਦਾ ਰੂਪ ਦੇਣਾ ਪੰਤ ਜੀ ਦਾ ਇਹ ਖਿਚ-ਧੂਹ ਕੇ ਕੀਤਾ ਗਇਆ ਆਰੋਪ ਹੈ। ਚਾਂਦਨੀ ਦੀ ਕਾਰਜ ਵਿਅੰਜਨਾ ਦੇ ਉਲਟ ਹੋਣ ਦੇ ਕਾਰਨ ਇਸ ਨੂੰ ਕਲਾ ਦੋਸ਼ ਕਹਿਣਾ ਹੀ ਯੋਗ ਹੈ। ਕੁਝ ਮਾਨਸਿਕ ਰੋਗੀਆਂ ਨੂੰ ਜੇ ਇਹ ਆਰੋਪ ਠੀਕ ਜਚੇ ਤਾਂ ਮੈਂ ਕੋਈ ਦਵਾਈ ਨਹੀਂ ਕਰ ਸਕਦਾ।

ਪ੍ਰੋ: ਮੋਹਣ ਸਿੰਘ ਮਾਹਿਰ ਦੀ ਕਵਿਤਾ ਦਾ ਵੀ ਇਹੀ ਹਾਲ ਹੈ :—

ਕੋਈ ਤੋੜੇ ਵੇ ਕੋਈ ਤੋੜੇ.
ਮੈਂ ਭਰੀ ਸ਼ਰਾਬ ਸੁਰਾਹੀਆਂ
ਫੁਟ ਕੇ ਵੱਗਣ ਤੇ ਆਈਆਂ
ਛੇਤੀ ਬੁੱਲ੍ਹੀਆਂ ਤਰਹਾਈਆਂ
ਕੋਈ ਨਾਲ ਉਹਨਾਂ ਦੇ ਜੋੜੇ।
ਕੋਈ ਤੋੜੇ ਵੇ ਕੋਈ ਤੋੜੇ।

ਇਸ ਕਵਿਤਾ ਵਿਚ ਵੀ ਮਨਮਾਨਾ ਆਰੋਪ ਹੈ। ਇਸ ਵਿਚ ਵਾਸ਼ਨਾ ਦੀ ਦਲਦਲ ਤੋਂ ਸਿਵਾ ਕੁਝ ਨਹੀਂ। ਇਸ ਨੂੰ ਪ੍ਰਕ੍ਰਿਤੀ ਚਿਤ੍ਰਨ ਦੀ ਕਵਿਤਾ ਕਹਿਣਾ ਪ੍ਰੋ: ਮੋਹਨ ਸਿੰਘ ਦੇ ਇਸ ਵਿਚ ਪ੍ਰਗਟੇ ਦਿਲੀ ਵਾਸ਼ਨਾ ਦੇ ਵਲਵਲੇ ਨਾਲ ਅਨਿਆਇ ਕਰਨਾ ਹੈ। ਇਸ ਨੂੰ ਵਾਸ਼ਨਾਤਮ ਕਵਿਤਾ ਯੋਗ ਹੈ। ਇਹੋ ਜਿਹੀਆਂ ਗਿਦੜ-ਰੰਗੀਆਂ, ਬੇਤੁਕੀਆਂ, ਰੋਗੀ-ਸਾਹਿਤ ਵੰਨਗੀ ਦੀਆਂ ਕਵਿਤਾਵਾਂ ਗਲਤ ਦ੍ਰਿਸ਼ਟੀ-ਕਣ ਦੀਆਂ ਲਖਾਇਕ ਹਨ।

ਇਸ ਸ਼ੈਲੀ ਦੀ ਯੋਗ ਕਵਿਤਾ ਮਹਾਂਕਵੀ 'ਨਿਰਾਲਾ' ਦੀ 'ਜੁਹੀ' ਦੀ ਕਵਿਤਾ ਹੈ। ਉਸ ਤੋਂ ਵਧ ਕੇ ਕਾਲੀਦਾਸ ਦੇ 'ਮੇਘ ਦੂਤ' ਦਾ 'ਨਿਰਵਿਦਿਆ' ਨਦੀ ਦਾ ਵਰਣਨ ਵਧੇਰੇ ਕੁਦਰਤੀ ਹੈ। ਕਾਲੀ ਦਾਸ ਨੇ ਆਪਣੇ ਮੇਘਦੂਤ ਵਿਚ ਨਦੀ ਦੇ ਅਤੇ ਬਦਲ ਦੇ ਕੁਦਰਤੀ ਸੰਬੰਧ ਦੀ ਵਿਅੰਜਨਾ ਕੀਤੀ ਹੈ। ਗਰਮੀ ਦੀ ਰੁਤ ਵਿਚ ਨਦੀਆਂ ਸੁਕਦੀਆਂ ਸੁਕਦੀਆਂ ਪਤਲੀਆਂ ਹੋ ਜਾਂਦੀਆਂ ਹਨ ਤੇ ਤਪਦੀਆਂ ਰਹਿੰਦੀਆਂ ਹਨ। ਜਦੋਂ ਬਦਲ ਉਨ੍ਹਾਂ ਤੇ ਛਾਂ ਕਰਦਾ ਹੈ ਤਾਂ ਉਹ ਸੀਤਲ ਹੋ ਜਾਂਦੀਆਂ ਹਨ। ਮੀਂਹ ਦੇ ਪਾਣੀ ਨਾਲ ਉਨ੍ਹਾਂ ਦੀ ਕਿਸਮਤ ਫ਼ਿਰ ਜਾਗ ਉੱਠਦੀ ਹੈ। ਉਨ੍ਹਾਂ ਦੀ ਸਰੀਰਕ ਦੁਰਬਲਤਾ ਵੀ ਦੂਰ ਹੋ ਜਾਂਦੀ ਹੈ। ਵੇਖੋ :—

"ਵੇਨੀ ਭੂਤ ਪ੍ਰਤ ਨੂੰ ਸਲਿਲਾਂ ਸਾਵਨੀਤਸਯ ਸਿੰਧੂ,
ਪਾਂਡੂ ਛਾਯਾ ਤਟ-ਰੂਹ ਤਰੂ ਭ੍ਰਸ਼ਿਭਾ ਜੀਰਨ ਪਰਣੈ: ।
ਸੌਭਾਗਯ ਤੇ ਸੁਭਗ ਵਿਰਗ ਵਸਥਯਾ ਲਿਯਜੰਤੀ
ਕਾਰਮਯ ਯੇਨ ਤਿਅਜਤੀ ਵਿਧਿਨਾ ਸ ਤੁਵੇ ਵੋਧਪਾਦਯ।"

"ਹੇ ਬਦਲ! ਸੁੰਦਰ ਬਦਲ! ਉਸ ਸਿਰਵਿਦਿਆ ਨਦੀ ਦੇ ਸਭ ਵਿਛੋੜੇ ਦਾ ਚਿੰਨ੍ਹ ਪ੍ਰਗਟ ਹਨ। ਤੇਰੇ ਵਿਛੋੜੇ ਵਿਚ ਵਰਖਾ ਨਾ ਹੋਣ ਦੇ ਕਾਰਨ ਉਹ ਪਤਲੀ ਪਾਣੀ ਦੀ ਧਾਰਾ ਇਕ ਲਟਵਾਲੀ ਗੁਤ ਦੇ ਸਮਾਨ ਕਮਜ਼ੋਰ ਹੋ ਗਈ ਹੈ। ਕਿਨਾਰੇ ਦੇ ਦਰਖਤਾਂ ਦੇ ਸੁਕੇ ਪੀਲੇ ਪੱਤਿਆਂ ਦੇ ਪਾਣੀ ਵਿਚ ਡਿਗ ਪੈਣ ਨਾਲ, ਉਸ ਤੇ ਵਿਛੋੜੇ ਮਾਰੀ ਜਿਹਾ ਪੀਲਾ ਛਾ ਗਇਆ ਹੈ। ਇਹ ਉਸ ਦੇ ਬ੍ਰਿਹਾ ਦੇ ਚਿੰਨ੍ਹ ਉਸ

ਦੀ ਕਿਸਮਤ ਦੇ ਚਿੰਨ੍ਹ ਹਨ। ਤੂੰ ਉਸ ਤੇ ਵਰਖਾ ਕਰ ਕੇ ਉਸ ਦੀ ਦਿਨੋ ਦਿਨ ਵਧ ਰਹੀ ਦੁਰਬਲਤਾ ਨੂੰ ਦੂਰ ਕਰਕੇ, ਉਸ ਬ੍ਰਿਹਾ ਦੁਖ ਨੂੰ ਮਿਟਾ ਦੇ।"

ਕਾਲੀ ਦਾਸ ਦਾ 'ਮੇਘ' ਅਤੇ ਨਦੀ ਦਾ ਆਪਿਸ ਵਿਚ ਜੋੜਿਆ ਸੰਬੰਧ ਕੁਦਰਤੀ ਹੈ। ਪ੍ਰਕ੍ਰਿਤੀ ਚਿਤ੍ਰਨ ਕਰਨ ਵਾਲਿਆਂ ਲਈ ਇਹ ਇਕ ਸੁੰਦਰ ਉਦਾਹਰਣ ਹੈ।

੫. **ਪ੍ਰਤੀਕ ਅਤੇ ਅਲੰਕਾਰ ਰੂਪ ਵਿਚ ਪ੍ਰਕ੍ਰਿਤੀ ਚਿਤ੍ਰਨ**— ਕਵੀ ਸੰਸਾਰ ਦੀਆਂ ਅਨੇਕਾਂ ਵਸਤੂਆਂ, ਮਨ ਦੇ ਅਨੇਕਾਂ ਭਾਵਾਂ, ਵਿਚਾਰਾਂ ਨੂੰ ਵਿਸ਼ੇਸ਼ ਰੂਪ ਵਿਚ ਪ੍ਰਗਟਾਉਣ ਵਾਸਤੇ ਜ਼ਿਆਦਾ ਤਰ ਪ੍ਰਕ੍ਰਿਤੀ ਦਾ ਸਹਾਰਾ ਲੈਂਦਾ ਹੈ ਕਿਉਂਕਿ ਪ੍ਰਕ੍ਰਿਤੀ ਦ੍ਰਿਸ਼-ਰੂਪ ਵਿਚ ਮਨੁਖ ਨਿਰਮਤ ਕੁਲ-ਵਸਤੂਆਂ ਨਾਲੋਂ ਵਿਸੇਸ਼ ਅਸਾਧਾਰਨ ਸੁੰਦਰ ਹੈ। ਇਸੇ ਲਈ ਇਸ ਨੂੰ ਸਾਧਨ ਰੂਪ ਵਿਚ ਲੈਣਾ ਵਿਸ਼ੇਸ਼ ਲਾਭਕਾਰੀ ਹੈ। ਇਸੇ ਗੱਲ ਨੂੰ ਮੁਖ ਰਖ ਕੇ ਮਹਾਨ ਕਵੀਆਂ ਨੇ ਪ੍ਰਤੀਕ ਅਤੇ ਅਲੰਕਾਰਾਂ ਲਈ ਪ੍ਰਕ੍ਰਿਤੀ ਨੂੰ ਹੀ ਚੁਣਿਆ ਹੈ।

ਪ੍ਰਤੀਕ ਅਤੇ ਅਲੰਕਾਰਾਂ ਦੀ ਸਾਰਥਕਤਾ ਇਸੇ ਵਿਚ ਹੈ ਕਿ "ਵਰਣਤ ਵਸਤੂ ਦਰਸ਼ਕ ਦੇ ਮਨ ਤੇ ਜੋ ਅਸਰ ਛੱਡੇ, ਉਸ ਲਈ ਚੁਣੇ ਗਏ ਪ੍ਰਤੀਕ ਅਤੇ ਅਲੰਕਾਰ ਦਾ ਉਹੀ ਅਸਰ ਹੋਣਾ ਚਾਹੀਦਾ ਹੈ" ਇਹ ਅਸਰ ਜਿੰਨਾ ਸਾਰਥਕ ਅਤੇ ਭਾਵ ਨਾਲ ਸੰਬੰਧਤ ਹੋਵੇਗਾ, ਉਨਾ ਹੀ ਮਹਾਨ ਹੈ। ਪ੍ਰਤੀਕ ਅਲੰਕਾਰ ਦੀ ਸਾਰਥਕਤਾ ਵੀ ਇਸੇ ਵਿਚ ਹੈ। ਵਸਤੂ ਅਤੇ ਪ੍ਰਤੀਕ ਅਲੰਕਾਰ ਦਾ ਆਪਿਸ ਵਿਚ ਵਿਰੋਧੀ ਅਸਰ ਕਲਾਤਮਕ ਨਹੀਂ ਮੰਨਿਆ ਜਾ ਸਕਦਾ। ਪ੍ਰਤੀਕ ਅਤੇ ਅਲੰਕਾਰ ਰੂਪ ਵਿਚ ਚੁਣੀ ਪ੍ਰਕ੍ਰਿਤੀ ਚਿਤ੍ਰਣ ਦੀ ਮਹਾਨਤਾ ਹੈ। ਅਲੰਕਾਰ ਰੂਪ ਵਿਚ ਪ੍ਰਕ੍ਰਿਤੀ ਕਰਨ ਵਾਲਿਆਂ ਲਈ ਸਿਰਫ ਉਪਰੋਕਤ ਗਲ ਦਾ ਧਿਆਨ ਰਖਣਾ ਹੀ ਕਾਫੀ ਹੈ। ਜਿਵੇਂ ਇਸਤ੍ਰੀ ਅਤੇ ਦੰਦਾਂ ਲਈ ਕਲੀ, ਚੰਦ ਤੇ ਮੋਤੀਆਂ ਦੀ ਉਪਮਾਂ। ਪਰ ਪ੍ਰਤੀਕ ਰੂਪ ਵਿਚ ਪ੍ਰਕ੍ਰਿਤੀ ਚਿਤ੍ਰਣ ਕਰਨ ਲਈ ਹੋਰ ਵੀ ਕੁਝ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ।

੧. ਸਾਰੀ ਕਵਿਤਾ ਵਿਚ ਕਿਸੇ ਟਾਂਵੇਂ ਟਾਂਵੇਂ ਥਾਂ ਤੇ ਚਿੰਨ੍ਹਾਂ ਦੀ ਵਰਤੋਂ।

੨. ਇਕੋ ਪ੍ਰੀਤਕ ਤੇ ਅਧਾਰਤ ਸਾਰੀ ਕਵਿਤਾ, ਜਿਵੇਂ ਬਾਵਾ ਬਲਵੰਤ ਦੀ ਊਸ਼ਾ।

੩. ਕਈ ਵਾਰ ਇਕ ਕਵਿਤਾ ਵਿਚ ਇਕ ਗਲ, ਭਾਵ, ਵਿਚਾਰ ਨੂੰ ਪ੍ਰੀਤਕਾਂ ਰਾਹੀਂ ਧੁਰ ਤੋਂ ਲੈ ਕੇ ਅੰਤ ਤਕ ਨਿਭਾਇਆ ਜਾਂਦਾ ਹੈ, ਇਥੇ ਪ੍ਰੀਤਕ ਸ਼ੈਲੀ ਅਨਿਉਕਤੀ ਸ਼ੈਲੀ ਬਣ ਜਾਂਦੀ ਹੈ। ਇਹ ਅਨਿਉਕਤੀ ਤਾਂ ਹੀ ਅਸਫਲ ਰਹਿੰਦੀ ਹੈ ਜੇ ਸਾਰੀ ਰਚਨਾ ਵਿਚ ਅਨਿਉਕਤੀ ਹੋਵੇ। ਪੰਜਾਬੀ

ਸਾਹਿਤ ਵਿਚ ਇਸ ਪਰਕਾਰ ਦੀ ਪੂਰਨ ਸਫਲ ਕਵਿਤਾ ਨਹੀਂ ਮਿਲਦੀ। ਪੰਜਾਬੀ ਦਾ ਇਕ ਲੋਕ-ਗੀਤ ਜ਼ਰੂਰ ਹੈ ਜਿਸ ਦੀ ਆਖਰੀ ਇਕ ਅੱਧ ਸਤਰ ਤੋਂ ਛੁਟ ਸਾਰੀ ਕਵਿਤਾ ਅਨਿਉਕਤੀ ਹੈ। ਇਕ ਸਫ਼ਲ ਅਨਿਉਕਤੀ ਹੈ ਜਿਵੇਂ :—

"ਕਿਥੇ ਤੇ ਲਾਨੀਆਂ ਟਾਹਲੀਆਂ ਵੇ
ਪਤਾਂ ਵਾਲੀਆਂ ਵੇ ! ਮੇਰਾ ਪਤਲਾ ਮਾਹੀ
ਕਿਥੇ ਤੇ ਲਾਵਾਂ ਸ਼ਤੂਤ, ਬੇਸਮਝ ਨੂੰ ਸਮਝ ਨਾ ਆਈ।
ਬਾਗੀਂ ਤੇ ਲਾਨੀਆਂ ਟਾਹਲੀਆਂ ਵੇ।
ਪਤਾਂ ਵਾਲੀਆਂ ਵੇ ! ਮੇਰਾ ਪਤਲਾ ਮਾਹੀ
ਬੂਹੇ ਤੇ ਲਾਨੀਆਂ ਸ਼ਤੂਤ !
ਗਿਠ ਗਿਠ ਹੋਈਆਂ ਟਾਲੀਆਂ ਵੇ
ਪੱਤਾਂ ਵਾਲੀਆਂ ਵੇ, ਮੇਰਾ ਪਤਲਾ ਮਾਹੀ,
ਅੱਧ ਗਿਠ ਹੋਏ ਸ਼ਤੂਤ—ਬੇਸਮਝ ਨੂੰ ਸਮਝ ਨਾ ਆਈ।

————

ਤੇਰੇ ਜਹੇ ਲਖ ਛੋਕਰੇ ਵੇ !
ਕੰਨੀ ਕੋਕਲੇ ਵੇ !
ਬਾਗੋਂ ਫੁਲ ਲਿਆਉਂਦੇ
ਹੱਸ ਦੇਂਦੇ ਗੋਰੀਆਂ ਵੇ
ਤੈਨੂੰ ਰੀਸ ਨਾ ਆਈ—ਵੇ ਮੇਰਾ ਪਤਲਾ ਮਾਹੀ।

ਇਥੋਂ ਤਕ ਅਨਿਉਕਤੀ ਹੈ। ਅਗਲੀ ਇਕ ਸਤਰ ਪੂਰਨ ਅਨਿਉਕਤੀ ਨਾ ਹੁੰਦੇ ਹੋਏ ਵੀ ਅਨਿਉਕਤੀ ਨਾਲ ਏਨੀ ਢੁਕਵੀਂ ਹੈ ਕਿ ਠੀਕ ਜੁੜਵਾਂ ਰੂਪਕ ਬੱਝ ਜਾਂਦਾ ਹੈ। ਉਹ ਸਤਰ ਹੈ :

ਮਿੱਟੀ ਦਾ ਬਾਵਾ ਬਣਾਨੀਆਂ, ਵੇ ਝੱਗਾ ਪਾਨੀਆਂ ਵੇ,
ਉਤੇ ਦੇਨੀ ਆਂ ਖੇਸੀ।
ਨਾ ਰੋ ਮਿਟੀ ਦਿਆ ਬਾਵਿਆ ਵੇ,
ਤੇਰਾ ਪਿਉ ਪਰਦੇਸੀ।

ਇਹ ਲੋਕ-ਗੀਤ ਵਿਸ਼ੇ-ਵਸਤੂ, ਕਲਾ-ਪੱਖ, ਮਨੋ-ਵਿਗਿਆਨ ਅਰਥਾਤ ਹਰ ਪੱਖੋਂ ਮਹਾਨ ਹੈ। ਕੁਦਰਤ ਦੇ ਚਿਤ੍ਰਕਾਰ ਪੰਜਾਬੀ ਕਵੀਆਂ ਲਈ ਇਹ ਇਕ 'ਪੰਧ ਵਿਖਾਊ ਤਾਰਾ' ਹੈ।

———

ਪੁਸਤਕ ਰੀਵੀਊ–– —ਬਚਨ ਸਿੰਘ ਐਮ. ਏ.

# ਪੰਜਾਬੀ ਭਾਸ਼ਾ ਦਾ ਵਿਕਾਸ

ਲੇਖਕ—ਦੁਨੀ ਚੰਦਰ ਐਮ. ਏ., ਪੀ. ਈ. ਐਸ. (ਰੀਟਾਇਰਡ)

ਸ੍ਰੀ ਦੁਨੀ ਚੰਦਰ ਦੀ ਪੁਸਤਕ 'ਪੰਜਾਬੀ ਭਾਸ਼ਾ ਦਾ ਵਿਕਾਸ' ਭਾਸ਼ਾ ਵਿਗਿਆਨ ਦੇ ਖੇਤਰ ਵਿਚ ਇਕ ਨਿੱਗਰ ਵਾਧਾ ਹੈ। ਇਸ ਵਿਸ਼ੇ ਤੇ ਅਗੇ ਵੀ ਕਈ ਇਕ ਵਿਦਵਾਨਾਂ ਨੇ ਸ਼ਲਾਘਾ-ਯੋਗ ਘਾਲਣਾ ਘਾਲੀ ਹੈ, ਜਿਵੇਂ ਕਿ ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ, ਪ੍ਰੋਫੈਸਰ ਪਿਆਰਾ ਸਿੰਘ ਪਦਮ ਅਤੇ ਪ੍ਰੋਫੈਸਰ ਅਰੁਨ ਪਰ ਦੁਨੀ ਚੰਦਰ ਜੀ ਦੀ ਇਹ ਪੁਸਤਕ ਅਪਣੀ ਵੰਨਗੀ ਦੀ ਇਕ ਕ੍ਰਿਤ ਹੈ, ਵਿਦਵਾਨ ਲੇਖਕ ਨੇ ਭਾਸ਼ਾ-ਚਿਗਿਆਨ ਸੰਬੰਧੀ ਹਰ ਵਿਸ਼ਯ ਨੂੰ ਬੜੇ ਵਿਗਿਆਨਿਕ ਢੰਗ ਨਾਲ ਨਿਭਾਇਆ ਹੈ। ਭਾਵੇਂ ਪੁਸਤਕ ਦਾ ਨਾਂ 'ਪੰਜਾਬੀ ਭਾਸ਼ਾ ਦਾ ਵਿਕਾਸ' ਹੈ ਪਰ ਲੇਖਕ ਨੇ ਬੋਲੀ ਦਾ ਕੇਵਲ ਵਿਕਾਸ ਹੀ ਨਹੀਂ ਦਸਿਆ ਸਗੋਂ ਲਗਦੇ ਹਥ ਪੰਜਾਬੀ ਵਰਣਾਂ ਦੀ ਉਤਪਤੀ ਦਸਦੇ ਹੋਏ ਉਨ੍ਹਾਂ ਦਾ ਨਿਕਾਸ-ਸੋਮਾ ਬੜੇ ਸੰਤੋਖ-ਜਨਕ ਤੇ ਵਿਗਿਆਨਕ ਦ੍ਰਿਸ਼ਟੀ-ਕੋਣ ਅਨੁਸਾਰ ਨਿਰੂਪਤ ਕੀਤਾ ਹੈ।

ਲੇਖਕ ਨੇ ਭਾਰਤ-ਯੁਰਪੀ ਭਾਸ਼ਾਵਾਂ ਤੋਂ ਚਲ ਕੇ ਇਸ ਪਰਿਵਾਰ ਦੀਆਂ ਸਾਰੀਆਂ ਬੋਲੀਆਂ ਦੇ ਸਵਰਾਂ ਤੇ ਵਿਅੰਜਨਾਂ ਬਾਰੇ ਗਿਆਨ ਦੇਂਦੇ ਹੋਏ ਇਨ੍ਹਾਂ ਦੀ ਸਾਂਝ ਦੱਸੀ ਹੈ ਅਤੇ ਇਨ੍ਹਾਂ ਦਾ ਸੰਜੋਗਾਤਮਕ ਹੋਣਾ ਦਸਿਆ ਹੈ ਭਾਰਤ ਦੀ ਆਰਜ-ਭਾਸ਼ਾ ਦਾ ਸਭ ਤੋਂ ਪੁਰਾਣਾ ਸਰੂਪ ਲੇਖਕ ਰਿਗਵੇਦ ਦੀ ਭਾਸ਼ਾ ਮੰਨਦੇ ਹਨ। ਇਹ ਵੈਦਿਕ ਭਾਸ਼ਾ ਸੰਸਕ੍ਰਿਤ ਨਾਲੋਂ ਭਿੰਨ ਦਸੀ ਗਈ ਹੈ। ਸੰਸਕ੍ਰਿਤ ਮਗਰੋਂ ਪ੍ਰਾਕ੍ਰਿਤਾਂ ਦਾ ਸਮਾਂ ਦਸ ਕੇ ਪਹਿਲੀ ਪ੍ਰਾਕ੍ਰਿਤ ਪਾਲੀ ਅਤੇ ਫੇਰ ਅਪਭ੍ਰੰਸ਼ ਉਤੇ ਚਾਨਣਾ ਪਾਉਂਦੇ ਹੋਏ ਗਰੀਅਸਨ ਦੇ ਇਸ ਕਥਨ ਦੀ ਪ੍ਰੋੜ੍ਹਤਾ ਕੀਤੀ ਹੈ ਕਿ ਹਰ ਵਰਤਮਾਨ ਭਾਰਤੀ ਬੋਲੀ ਕਿਸੇ ਨਾ ਕਿਸੇ ਅਪਭਰੰਸ਼ ਤੋਂ ਨਿਕਲੀ ਹੈ। ਲੇਖਕ ਦਾ ਵਿਚਾਰ ਹੈ ਕਿ ਜਿਵੇਂ ਸਾਰੀਆਂ ਪ੍ਰਾਕ੍ਰਿਤਾਂ ਵਿਚੋਂ ਪਾਲੀ ਪ੍ਰਾਕ੍ਰਿਤ ਪਰਧਾਨ ਸੀ ਇਵੇਂ ਹੀ ਸਾਰੀਆਂ ਅਪਭਰੰਸ਼ਾਂ ਵਿਚੋਂ ਸ਼ੋਰਸੈਨੀ ਅਪਭਰੰਸ਼ ਮਹਾਨ ਸੀ। ਇਹੋ ਅਪਭਰੰਸ਼ ਸਾਡੀ ਬੋਲੀ ਪੰਜਾਬੀ ਦਾ ਨਿਕਾਸ-ਸੋਮਾ ਹੈ।

ਇਉਂ ਪੰਜਾਬੀ ਦਾ ਨਿਕਾਸ-ਸੋਮਾ ਮਿਥ ਕੇ ਲੇਖਕ ਨੇ ਇਸ ਦਾ ਵਿਕਾਸ ਦਸਿਆ ਹੈ। ਪੰਜਾਬੀ ਦਾ ਸ਼ਬਦ-ਭੰਡਾਰ, ਇਸ ਦੀਆਂ ਉਪ-ਭਾਖਾਵਾਂ, ਇਸ ਦੀ ਲਿਪੀ ਗੁਰਮੁਖੀ ਇਸ ਦੀਆਂ ਧੁਨੀਆਂ ਆਦਿ ਸਾਰੇ ਵਿਸ਼ਿਆਂ ਤੇ ਲੇਖਕ ਨੇ ਚਾਨਣਾ ਪਾਇਆ ਹੈ। ਵੈਦਿਕ ਭਾਸ਼ਾ ਦੀਆਂ ਧੁਨੀਆਂ, ਸੰਸਕ੍ਰਿਤ ਦੀਆਂ ਧੁਨੀਆਂ, ਪਾਲੀ ਦੀਆਂ ਧੁਨੀਆਂ ਅਤੇ ਪ੍ਰਾਕ੍ਰਿਤ ਦੀਆਂ ਧੁਨੀਆਂ ਬਾਰੇ ਭੀ ਲੇਖਕ ਨੇ ਦਸਿਆ ਹੈ ਅਤੇ ਇਉਂ ਤੁਲਨਾਤਮਕ ਅਧਯਨ ਪੇਸ਼ ਕੀਤਾ ਗਇਆ ਹੈ, ਇਸ ਪੱਖ ਤੋਂ ਸ੍ਰੀ

ਦੁਨੀ ਚੰਦਰ ਦਾ ਯਤਨ ਚੋਖੀ ਪ੍ਰਸੰਸਾ ਦੀ ਮੰਗ ਕਰਦਾ ਹੈ । ਪੰਜਾਬੀ ਸਵਰਾਂ-ਵਿਅੰਜਨਾਂ ਦਾ ਮੂਲ ਦਸਣ ਵਿਚ ਲੇਖਕ ਦੀ ਵਿਸ਼ਯ-ਪਕੜ ਪ੍ਰਭਾਵ-ਜਨਕ ਤੇ ਵਿਗਿਆਨਕ ਹੈ । ਇਨ੍ਹਾਂ ਦੇ ਵਿਕਾਸ-ਕ੍ਰਮ ਨੂੰ ਵੀ ਬੜੀ ਸੁਯੋਗਤਾ ਨਾਲ ਪ੍ਰਸਤੁਤ ਕੀਤਾ ਹੈ ।

ਪੰਜਾਬੀ ਅਤੇ ਲਹਿੰਦੇ ਦੇ ਪ੍ਰਸਪਰ ਸੰਬੰਧ ਬਾਰੇ ਲੇਖਕ ਨੇ ਆਪਣੇ ਵਿਚਾਰ ਦਸੇ ਹਨ । ਉਨ੍ਹਾਂ ਇਨ੍ਹਾਂ ਦੋਹਾਂ ਨੂੰ ਅਲਗ ਅਲਗ ਭਾਸ਼ਾਵਾਂ ਮੰਨਿਆ ਹੈ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਗ੍ਰੀਅਰਸਨ ਦੇ ਸਿਧਾਂਤ ਦੁਆਰਾ ਪੁਸ਼ਟ ਕੀਤਾ ਹੈ । ਵਿਚਾਰ ਲੇਖਕ ਦੇ ਅਪਣੀ ਖੋਜ ਦੇ ਆਧਾਰ ਤੇ ਹਨ । ਸਰਬ ਮਾਨਨੀਯ ਹਨ ਜਾਂ ਨਹੀਂ, ਇਹ ਗਲ ਵਖਰੀ ਹੈ ਪਰ ਇਕ ਗਲ ਸਪਸ਼ਟ ਹੈ ਕਿ ਲੇਖਕ ਨੇ ਸੂਖਸ਼ਮ ਸੂਝ ਦੁਆਰਾ ਵਿਸ਼ੇ ਦਾ ਗੂੜ੍ਹ ਵਿਸ਼ਲੇਸ਼ਣ ਕੀਤਾ ਹੈ ।

ਪੰਜਾਬੀ ਅਗੇਤਰਾਂ, ਪਿਛੇਤਰਾਂ, ਤੱਧਿਤਾਂ ਬਾਰੇ ਕਾਫ਼ੀ ਵਿਸਥਾਰ-ਪੂਰਬਕ ਮਸਾਲਾ ਪੇਸ਼ ਕੀਤਾ ਗਇਆ ਹੈ । ਪੰਜਾਬੀ ਨਾਂਵ, ਪੜਨਾਂਵ, ਕਿਰਿਆ, ਕਿਰਿਆ ਵਿਸ਼ੇਸ਼ਨ, ਵਿਸ਼ੇਸ਼ਨ, ਸੰਬੰਧਕ ਅਤੇ ਕਾਰਕਾਂ ਆਦਿ ਤੇ ਚਾਨਣਾ ਪਾ ਕੇ ਲੇਖਕ ਨੇ ਸਬੰਧਿਤ ਵਿਆਕਰਣ ਸੰਬੰਧੀ ਕਾਫ਼ੀ ਕੁਝ ਦਸਿਆ ਹੈ । ਇਹ ਸਾਰਾ ਮਸਾਲਾ ਦੂਜੇ ਭਾਗ ਵਿਚ ਦਿਤਾ ਗਇਆ ਹੈ ।

ਤੀਜੇ ਭਾਗ ਵਿਚ ਲੇਖਕ ਨੇ ਵਾਕ-ਵਿਚਾਰ ਸੰਬੰਧੀ ਚਾਨਣਾ ਪਾਇਆ ਹੈ । ਵਾਕ ਵਿਚ ਸ਼ਬਦਾਂ ਦਾ ਕ੍ਰਮ, ਭਾਸ਼ਾ ਨੂੰ ਜ਼ੋਰਦਾਰ ਬਨਾਉਣ ਲਈ ਸ਼ਬਦਾਂ ਦਾ ਕ੍ਰਮ ਬਦਲਣਾ, ਗੀਤਾਂ ਅਤੇ ਕਵਿਤਾ ਵਿਚ ਕ੍ਰਮ ਦਾ ਬਦਲਣਾ ਆਦਿ ਸਾਰੇ ਵਿਸ਼ਿਆਂ ਨੂੰ ਛੁਹਿਆ ਹੈ ।

ਅੰਤ ਸਫ਼ਾ ੪੧੪ ਤੋਂ ਲੈ ਕੇ ੫੨੯ ਸਫ਼ੇ ਤਕ ਲੇਖਕ ਨੇ ਪੰਜਾਬੀ, ਹਿੰਦੀ, ਸਿੰਧੀ, ਗੁਜਰਾਤੀ, ਮਰਾਠੀ, ਕਸ਼ਮੀਰੀ, ਅਪਭਰੰਸ਼, ਪ੍ਰਾਕ੍ਰਿਤ, ਸ਼ੌਰਸੇਨੀ ਪ੍ਰਾਕ੍ਰਿਤ, ਸੰਸਕ੍ਰਿਤ, ਵੈਦਿਕ, ਅਰਬੀ, ਫਾਰਸੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਦੀ ਅਨੁਕ੍ਰਮਣੀ ਤਿਆਰ ਕਰਕੇ ਭਾਸ਼ਾ ਵਿਗਿਆਨ ਸੰਬੰਧੀ ਖੋਜ ਨੂੰ ਸਰਲ ਤੇ ਸੌਖਾ ਬਨਾਉਣ ਦਾ ਸ਼ਲਾਘਾ ਯੋਗ ਯਤਨ ਕੀਤਾ ਹੈ ।

ਭਾਸ਼ਾ ਵਿਗਿਆਨ ਦੇ ਖੇਤਰ ਵਿਚ ਲੇਖਕ ਨੇ ਕਾਫ਼ੀ ਚਿਰ ਹੋਇਆ ਇਕ ਪੁਸਤਕ "पंजाबी और हिन्दी का भाषा विज्ञान" ਲਿਖੀ ਸੀ । ਇਸ ਪੁਸਤਕ ਦੀ ਰਜ ਕੇ ਪ੍ਰਸੰਸਾ ਹੋਈ ਸੀ । ਇਸੇ ਰਾਹ ਤੇ ਚਲਦਿਆਂ ਪ੍ਰੋ: ਦੁਨੀ ਚੰਦਰ ਦਾ ਇਹ ਜਤਨ ਪੂਰਨਤਾ ਦੇ ਸਿਖਰ ਨੂੰ ਛੂਹੰਦਾ ਹੈ ।

ਪੁਸਤਕ ਦਾ ਮੁਖਬੰਧ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਵਲੋਂ ਬੜੀ ਮਿਹਨਤ ਨਾਲ ਲਿਖਿਆ ਗਇਆ ਹੈ ਅਤੇ ਇਹ ਇਸ ਗਲ ਦਾ ਪਰਮਾਣ ਹੈ ਕਿ ਵਰਤਮਾਨ ਪੰਜਾਬੀ ਸਾਹਿਤ ਦੇ ਇਕ ਉੱਚ ਕੋਟੀ ਦੇ ਪੰਡਤ ਨੇ ਇਸ ਦੀ ਪ੍ਰਸੰਸਾ ਕੀਤੀ ਹੈ ਅਤੇ ਲੇਖਕ ਦੀ ਘਾਲਣਾ ਦੀ ਕਦਰ ਕੀਤੀ ਹੈ । ਆਸ ਹੈ ਕਿ ਪੰਜਾਬੀ ਭਾਸ਼ਾ ਅਤੇ ਭਾਰਤੀ ਭਾਸ਼ਾਵਾਂ ਦੇ ਪ੍ਰਤਿਭਾਸ਼ਾਲੀ ਵਿਅਕਤੀ ਇਸ ਦੀ ਯੋਗ ਕਦਰ ਕਰਨਗੇ ।

# ਪੰਜਾਬੀ ਸਾਹਿਤ ਅਕਾਡਮੀ ਦੀਆਂ

## ਛੱਪ ਰਹੀਆਂ ਪੁਸਤਕਾਂ :–

(ੳ) ਸੰਖਿਆ ਕੋਸ਼–
ਕ੍ਰਿਤ : ਗੁਰਬਖਸ਼ ਸਿੰਘ 'ਕੇਸਰੀ'

(ਅ) ਲੋਕ ਆਖਦੇ ਹਨ–
ਸੰਪਾਦਕ : ਵੰਜਾਰਾ ਬੇਦੀ

(ੲ) ਨੀਲੀ ਤੇ ਰਾਵੀ–
ਸੰਪਾਦਕ : ਕਰਤਾਰ ਸਿੰਘ 'ਸ਼ਮਸ਼ੇਰ'

(ਸ) ਖਾਧ ਖ਼ੁਰਾਕ ਤੇ ਪਾਲਣ ਪੋਸਣ–
ਕ੍ਰਿਤ : ਡਾ: ਕਿਸ਼ਨ ਸਿੰਘ

(ਹ) ਜੀਵਨ ਤੰਦਾਂ–
ਅਨੁਵਾਦਕ : ਡਾ: ਖੇਮ ਸਿੰਘ ਗਰੇਵਾਲ

(ਕ) ਬੁੱਧ ਜਾਤਕਾ–
ਕ੍ਰਿਤ : ਗੁਰਾਂਦਿੱਤਾ ਖੰਨਾ

(ਖ) ਪੱਛਮੀ ਆਲੋਚਨਾ ਦੀ ਪਰੰਪਰਾ ਤੇ ਸਿਧਾਂਤ –
ਡਾ. ਰੋਸ਼ਨ ਲਾਲ ਆਹੂਜਾ

ਡਾ: ਸ਼ੇਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਵਿਚ ਛਾਪ ਕੇ ਦਫ਼ਤਰ 'ਆਲੋਚਨਾ' ਪਪਪ ਐਲ. ਮਾਡਲ ਟਾਉਨ, ਲੁਧਿਆਣਾ ਤੋਂ ਪਰਕਾਸ਼ਤ ਕੀਤਾ ।

# ਆਲੋਚਨਾ ਸੰਬੰਧੀ ਸੂਚਨਾਵਾਂ

੧. 'ਆਲੋਚਨਾ' ਨੂੰ ਜੂਨ, ੫੮ ਤੋਂ ਮਾਸਕ ਪੱਤਰ ਬਣਾ ਦਿਤਾ ਗਇਆ ਹੈ। ਇਹ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਪਰਕਾਸ਼ਿਤ ਹੋ ਕੇ ਸਭ ਪ੍ਰੇਮੀਆਂ ਦੇ ਹੱਥ ਵਿਚ ਪਹੁੰਚ ਜਾਂਦਾ ਹੈ। ਪ੍ਰੇਮੀ-ਜਨ ਸੰਭਾਲ ਕਰ ਲਇਆ ਕਰਨ।

੨. ਚੰਦਾ :—'ਆਲੋਚਨਾ' ਕਿਸੇ ਨੂੰ ਨਮੂਨੇ ਵਜੋਂ ਨਹੀਂ ਭੇਜਿਆ ਜਾਂਦਾ। ਚੰਦਾ ਇਕ ਪਰਚੇ ਲਈ ਪੰਜਾਹ ਨਵੇਂ ਪੈਸੇ (ਭਾਰਤ ਤੋਂ ਬਾਹਰ ਭੇਜਣ ਲਈ ੭੫ ਨ: ਪੈ:) ਤੇ ਸਾਲ ਲਈ ਪੰਜ ਰੁਪਏ (ਭਾਰਤ ਤੋਂ ਬਾਹਰ ਭੇਜਣ ਲਈ ਅੱਠ ਰੁਪਏ)) ਪੇਸ਼ਗੀ ਆਉਣੇ ਜ਼ਰੂਰੀ ਹਨ। 'ਆਲੋਚਨਾ' ਵੀ. ਪੀ. ਪੀ. ਦੁਆਰਾ ਵੀ ਨਹੀਂ ਭੇਜਿਆ ਜਾਂਦਾ।

੩. 'ਆਲੋਚਨਾ' ਵਿਚ ਕੇਵਲ ਸਾਹਿੱਤਿਕ ਖੋਜ ਤੇ ਪੜਚੋਲ ਦੇ ਲੇਖ ਹੀ ਛਾਪੇ ਜਾਂਦੇ ਹਨ, ਜਾਂ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਰੀਵੀਊ।

੪. 'ਆਲੋਚਨਾ' ਵਿਚ ਛਪੇ ਹਰ ਲੇਖ ਦੇ ਲਿਖਾਰੀ ਨੂੰ ੧੦) ਰੁਪਏ ਪ੍ਰਤੀ ਹਜ਼ਾਰ ਸ਼ਬਦ (ਵਧ ਤੋਂ ਵਧ ੩੦ ਰੁਪਏ ਪ੍ਰਤੀ ਲੇਖ) ਨਜ਼ਰਾਨੇ ਵਜੋਂ ਦਿੱਤੇ ਜਾਂਦੇ ਹਨ ਤੇ ਨਾਲੇ ਉਸ ਦੇ ਲੇਖ ਦੀਆਂ ਪੰਜ ਕਾਪੀਆਂ ਵੀ ਭੇਜੀਆਂ ਜਾਂਦੀਆਂ ਹਨ।

੫. 'ਆਲੋਚਨਾ' ਦੇ ਕਿਸੇ ਅੰਕ ਦੇ ਛਪਣ ਤੋਂ ਘਟ ਤੋਂ ਘਟ ਇਕ ਮਹੀਨਾ ਪਹਿਲਾਂ ਉਸ ਅੰਕ ਲਈ ਲੇਖ ਪਹੁੰਚ ਜਾਣੇ ਜ਼ਰੂਰੀ ਹਨ।

੬. ਨਾ-ਪਰਵਾਨ ਹੋਇਆ ਲੇਖ ਮੰਗਣ ਤੇ ਵਾਪਸ ਕਰ ਦਿੱਤਾ ਜਾਂਦਾ ਹੈ।

੭. ਹਰ ਲੇਖ ਸਾਫ਼, ਸ਼ੁੱਧ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ, ਪਦ-ਜੋੜ ਵੀ ਪ੍ਰਵਾਣਤ ਨੇਮ ਅਨੁਸਾਰ ਹੋਣੇ ਚਾਹੀਦੇ ਹਨ।

੮. ਏਜੰਸੀ ਪਰਚੂਨ ਨਿਰਖ ਤੇ ੩੩% ਕਮਿਸ਼ਨ ਤੇ ਦਿੱਤੀ ਜਾਂਦੀ ਹੈ। ਏਜੰਟ ਸਾਹਿਬਾਨ ਨੂੰ ਚਾਹੀਦਾ ਹੈ ਕਿ ਜਿੰਨੇ ਪਰਚਿਆਂ ਦੀ ਲੋੜ ਹੋਵੇ ਉਤਨਿਆਂ ਪਰਚਿਆਂ ਦੀ ਕੀਮਤ ਪੇਸ਼ਗੀ ਭੇਜਣ। ਦਸ ਪਰਚਿਆਂ ਤੋਂ ਘਟ ਲਈ ਕਮਿਸ਼ਨ ੨੫% ਹੈ।

੯. 'ਆਲੋਚਨਾ' ਵਿਚ ਇਸ਼ਤਿਹਾਰ ਵੀ ਦਿਤੇ ਜਾ ਸਕਦੇ ਹਨ। ਨਿਰਖ ਲਿਖਾ ਪੜ੍ਹੀ ਕਰਕੇ ਨਿਯਤ ਕੀਤੇ ਜਾਣ।